## ਅਧਿਆਇ ਦੂਜਾ

# ਪੂਰਵ ਖੋਜਕਾਰਜ : ਸਮੱਗਰੀ ਅਤੇ ਇਕੱਤਰੀਕਰਨ

ਪੰਜਾਬੀ ਖੋਜ ਦੇ ਖੇਤਰ ਵਿਚ ਬਹੁਤ ਸਾਰੀਆਂ ਯੂਨੀਵਰਸਿਟੀਆਂ ਵਿਚ ਪੀ.ਐੱਚ.ਡੀ ਅਤੇ ਐਮ.ਫਿਲ ਦੇ ਪੱਧਰ ਤੇ ਖੋਜਾਂ ਹੋ ਚੁੱਕੀਆਂ ਹਨ ਅਤੇ ਹੋ ਰਹੀਆਂ ਹਨ। ਹਥਲੇ ਖੋਜਕਾਰਜ ਵਿਚ ਪੂਰਵ-ਖੋਜਕਾਰਜ ਸਮੱਗਰੀ ਅਤੇ ਇਕੱਤਰੀਕਰਨ ਨੂੰ ਦੂਸਰੇ ਅਧਿਆਇ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਅਜਿਹਾ ਕਰਨ ਦਾ ਮੰਤਵ ਇਹ ਹੈ ਕਿ ਹਥਲੇ ਖੋਜ ਕਾਰਜ ਦੀ ਪ੍ਰਮਾਣਿਕਤਾ ਸਿੱਧ ਹੋ ਸਕੇ। 'ਮਾਰਕਸਵਾਦ' ਦੇ ਵਿਸ਼ੇ ਨਾਲ ਸੰਬੰਧਿਤ ਪਹਿਲਾਂ ਹੋ ਚੁੱਕਾ ਖੋਜਕਾਰਜ ਵੱਖ-ਵੱਖ ਯੂਨੀਵਰਸਿਟੀਆਂ ਵਿਚ ਹੋਇਆ ਮਿਲਦਾ ਹੈ। ਪ੍ਰੰਤੂ ਹਥਲੇ ਖੋਜਕਾਰਜ ਤੇ ਕਿਸੇ ਵਿਦਿਆਰਥੀ ਦੁਆਰਾ ਕੋਈ ਵੀ ਕੰਮ ਨਹੀਂ ਕੀਤਾ ਗਿਆ। ਇਸ ਲਈ ਹਥਲੇ ਖੋਜ ਕਾਰਜ ਦੇ ਅਧਿਐਨ ਨੂੰ ਖੋਜ ਦਾ ਆਧਾਰ ਬਣਾਇਆ ਜਾ ਰਿਹਾ ਹੈ। ਇਸ ਅਧਿਆਇ ਵਿਚ ਪਹਿਲਾਂ ਪੀ.ਐੱਚ.ਡੀ ਪੱਧਰ ਦੇ ਹੋ ਚੁੱਕੇ ਖੋਜ ਪ੍ਰਬੰਧਾਂ ਨੂੰ ਪੇਸ਼ ਕੀਤਾ ਜਾ ਰਿਹਾ ਹੈ, ਫਿਰ ਐਮ.ਫਿਲ ਪੱਧਰ ਦੇ ਪ੍ਰਾਪਤ ਹੋਏ ਖੋਜ ਨਿਬੰਧਾਂ ਨੂੰ ਅਤੇ ਫਿਰ ਐਮ.ਏ ਪੱਧਰ ਦੇ ਖੋਜ ਕਾਰਜ ਨੂੰ ਪੇਸ਼ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਮਾਰਕਸਵਾਦ ਦੇ ਵਿਸ਼ੇ ਉਪਰ ਪ੍ਰਾਪਤ ਵੱਖ-ਵੱਖ ਖੋਜ ਪੱਤਰਾਂ ਨੂੰ ਸ਼ਾਮਿਲ ਕੀਤਾ ਜਾ ਰਿਹਾ ਹੈ ਜਿਸ ਵਿਚ ਡਾ. ਰਮੇਸ਼ ਕੁੰਤਲ ਮੇਘ, ਡਾ. ਸੁਤਿੰਦਰ ਸਿੰਘ ਨੂਰ, ਸੁਰਜੀਤ ਸਿੰਘ ਭੱਟੀ ਅਤੇ ਭੀਮ ਇੰਦਰ ਸਿੰਘ ਦੁਆਰਾ ਲਿਖੇ ਖੋਜ ਪੱਤਰਾਂ ਨੂੰ ਆਧਾਰ ਬਣਾਇਆ ਗਿਆ ਹੈ।

2.1 ਖੋਜ ਪ੍ਰਬੰਧ

2.2 ਖੋਜ ਨਿਬੰਧ

2.3 ਖੋਜ ਕਾਰਜ

2.4 ਖੋਜ ਪੱਤਰ

## 2.1 ਪੀ.ਐੱਚ.ਡੀ ਖੋਜ ਪ੍ਰਬੰਧ

ੳ. ਸੁਖਦੇਵ ਸਿੰਘ, ਮਾਰਕਸਵਾਦੀ ਪੰਜਾਬੀ ਆਲੋਚਨਾ, ਦਿੱਲੀ ਯੂਨੀਵਰਸਿਟੀ, 1985.

ਅ. ਸੁਰਜੀਤ ਸਿੰਘ ਭੱਟੀ, ਮਾਰਕਸਵਾਦੀ ਪੰਜਾਬੀ ਸਮੀਖਿਆ ਦਾ ਆਲੋਚਨਾਤਮਕ ਮੁਲਾਂਕਣ (ਪ੍ਰਿੰ. ਸੰਤ ਸਿੰਘ ਸੇਖੋਂ, ਪ੍ਰੋ. ਕਿਸ਼ਨ ਸਿੰਘ ਅਤੇ ਨਜਮ ਹੁਸੈਨ ਸੱਯਦ ਦੇ ਵਿਸ਼ੇਸ਼ ਪ੍ਰਸੰਗ ਵਿਚ) ਪੰਜਾਬੀ ਯੂਨੀਵਰਸਿਟੀ ਪਟਿਆਲਾ, 1983.

ੲ. ਨਰੇਸ਼ ਕੁਮਾਰ, ਵੀਹਵੀਂ ਸਦੀ ਦੇ ਅੰਤਲੇ ਦੋ ਦਹਾਕਿਆਂ ਦਾ ਮਾਰਕਸਵਾਦੀ ਪੰਜਾਬੀ ਸਾਹਿਤ ਚਿੰਤਨ : ਤੁਲਨਾਤਮਕ ਤੇ ਇਤਿਹਾਸਕ ਮੂਲਕ ਅਧਿਐਨ, 2010.

ਸ. ਧਰਮਿੰਦਰ ਸਿੰਘ, ਮਾਰਕਸਵਾਦੀ ਪੰਜਾਬੀ ਆਲੋਚਨਾ ਸਿਧਾਂਤ ਅਤੇ ਵਿਹਾਰ (1990 ਤੋਂ ਪਿਛੋਂ ਦੀ ਆਲੋਚਨਾ ਦੇ ਵਿਸ਼ੇਸ਼ ਪ੍ਰਸੰਗ ਵਿਚ) ਪੰਜਾਬੀ ਯੂਨੀਵਰਸਿਟੀ ਪਟਿਆਲਾ, 2015.

- ਖੋਜਾਰਥੀ ਸੁਖਦੇਵ ਸਿੰਘ ਨੇ 'ਦਿੱਲੀ ਯੂਨੀਵਰਸਿਟੀ' ਵਿਚ "ਮਾਰਕਸਵਾਦੀ ਪੰਜਾਬੀ ਆਲੋਚਨਾ" ਵਿਸ਼ੇ ਉਪਰ 1985 ਵਿਚ ਡਾ. ਸੁਤਿੰਦਰ ਸਿੰਘ ਨੂਰ ਦੀ ਨਿਗਰਾਨੀ ਹੇਠ ਖੋਜ ਪ੍ਰਬੰਧ ਨੇਪਰੇ ਚਾੜਿਆ। ਇਹ ਖੋਜ ਪ੍ਰਬੰਧ ਮਾਰਕਸਵਾਦੀ ਚਿੰਤਕਾਂ ਦੀਆਂ ਸਾਹਿਤ ਸਥਾਪਨਾਵਾਂ ਜਾਂ ਵਿਕਸਿਤ ਹੋ ਰਹੇ ਮਾਰਕਸਵਾਦੀ ਸਾਹਿਤ-ਸ਼ਾਸਤਰ ਦੇ ਆਧਾਰ ਤੇ ਮਾਰਕਸਵਾਦੀ ਪੰਜਾਬੀ ਆਲੋਚਨਾ ਦੇ ਮੁਲਾਂਕਣ ਉੱਤੇ ਆਧਾਰਿਤ ਹੈ। ਇਹ ਖੋਜ ਪ੍ਰਬੰਧ ਪੀ.ਐਚ.ਡੀ ਦੀ ਡਿਗਰੀ ਲਈ ਪ੍ਰਸਤੁਤ ਕੀਤਾ ਗਿਆ ਹੈ। ਇਸ ਖੋਜ ਪ੍ਰਬੰਧ ਨੂੰ ਪੰਜ ਅਧਿਆਇ ਵਿਚ ਵੰਡਿਆ ਗਿਆ ਹੈ।

**ਪਹਿਲਾ ਅਧਿਆਇ**

ਇਸ ਖੋਜ ਪ੍ਰਬੰਧ ਦੇ ਪਹਿਲੇ ਅਧਿਆਇ "ਮਾਰਕਸਵਾਦੀ ਸਾਹਿਤ ਸ਼ਾਸਤਰ" ਵਿਚ ਸੰਤ ਸਿੰਘ ਸੇਖੋਂ ਦੀ ਆਲੋਚਨਾ ਸੰਬੰਧੀ ਮਾਰਕਸਵਾਦੀ ਸਾਹਿਤ ਸਿਧਾਂਤਾਂ ਨੂੰ ਆਧਾਰ ਬਣਾ ਕੇ ਮੁਲਾਂਕਣ ਕੀਤਾ ਗਿਆ ਹੈ। ਇਸ ਅਧਿਆਇ ਵਿਚ ਵੱਖ-ਵੱਖ ਆਲੋਚਕਾਂ ਦੁਆਰਾ ਕਲਾਸੀਕਲ ਮਾਰਕਸਵਾਦੀ ਪੰਜਾਬੀ ਚਿੰਤਕਾਂ ਅਤੇ ਨਵ-ਮਾਰਕਸਵਾਦੀ ਚਿੰਤਕਾਂ ਦੀ ਆਲੋਚਨਾ ਦੇ ਨਿਖੇੜੇ ਦਾ ਸੰਖੇਪ ਵਰਣਨ ਕੀਤਾ ਗਿਆ ਹੈ। ਇਸ ਤੋਂ ਉਪਰੰਤ ਇਸ ਅਧਿਆਇ ਵਿਚ ਮਾਰਕਸਵਾਦੀ ਸਾਹਿਤ ਚਿੰਤਨ ਦੇ ਆਰੰਭਕ ਚਿੰਤਕ ਕਾਰਲ ਮਾਰਕਸ ਅਤੇ ਉਹਨਾਂ ਚਿੰਤਕਾਂ ਦੀਆਂ ਸਾਹਿਤ/ਕਲਾ ਸਥਾਪਨਾਵਾਂ ਦੀ ਸੰਖੇਪ ਚਰਚਾ ਕੀਤੀ ਹੈ ਜਿੰਨਾਂ ਤੋਂ ਪ੍ਰਭਾਵਿਤ ਹੋ ਕੇ ਕਾਰਲ ਮਾਰਕਸ ਨੇ ਆਪਣਾ ਸਾਹਿਤ/ਕਲਾ ਸੰਬੰਧੀ ਦ੍ਰਿਸ਼ਟੀਕੋਣ ਸਪੱਸ਼ਟ ਕੀਤਾ। ਇਸ ਪਰਿਪੇਖ ਵਿਚ ਮਾਰਕਸ ਤੋਂ ਲੈ ਕੇ ਆਧੁਨਿਕ ਮਾਰਕਸਵਾਦੀ ਸਾਹਿਤ ਚਿੰਤਕਾਂ ਦੀਆਂ ਸਾਹਿਤ/ਕਲਾ ਨਾਲ ਸੰਬੰਧਿਤ ਧਾਰਨਾਵਾਂ ਆਦਿ ਦੀ ਵਿਸ਼ੇਸ਼ ਚਰਚਾ ਕੀਤੀ ਗਈ ਹੈ। ਇਸ ਅਧਿਆਇ ਵਿਚ ਜੋ ਮਾਰਕਸਵਾਦੀ ਸਾਹਿਤ/ਕਲਾ ਮੁਲਾਂਕਣ ਸਥਾਪਨਾਵਾਂ ਸਪੱਸ਼ਟ ਹੁੰਦੀਆਂ ਹਨ। ਉਹਨਾਂ ਦੇ ਅਧਾਰ ਤੇ ਸਮੁੱਚੀ ਮਾਰਕਸਵਾਦੀ ਪੰਜਾਬੀ ਆਲੋਚਨਾ ਦੀ ਪ੍ਰਾਪਤੀ/ਅਪ੍ਰਾਪਤੀ ਦਾ ਮੁਲਾਂਕਣ ਕੀਤਾ ਗਿਆ ਹੈ।

**ਦੂਜਾ ਅਧਿਆਇ**

ਇਸ ਖੋਜ ਪ੍ਰਬੰਧ ਦੇ ਦੂਜੇ ਅਧਿਆਇ "ਮਾਰਕਸਵਾਦੀ ਪੰਜਾਬੀ ਆਲੋਚਨਾ ਦਾ ਪਹਿਲਾ ਦੌਰ" ਵਿਚ ਪਰੰਪਰਾਗਤ ਪੰਜਾਬੀ ਆਲੋਚਨਾ ਦੀ ਸੰਖੇਪ ਚਰਚਾ ਕੀਤੀ ਗਈ ਹੈ। ਇਸ ਅਧਿਆਇ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਸੇਖੋਂ ਦੀ ਆਲੋਚਨਾ ਨਾਲ ਹੀ ਪੰਜਾਬੀ ਆਲੋਚਨਾ ਮਾਰਕਸਵਾਦੀ ਸਾਹਿਤ ਦ੍ਰਿਸ਼ਟੀ ਤੋਂ ਪ੍ਰਭਾਵਿਤ ਹੋ ਕੇ ਸਾਹਿਤ ਰਚਨਾਵਾਂ ਦਾ ਮੁਲਾਂਕਣ ਇਸ ਦ੍ਰਿਸ਼ਟੀ ਦੇ ਆਧਾਰ ਤੇ ਕਰਦੀ ਹੈ। ਇਸ ਤੋਂ ਉਪਰੰਤ

ਇਸ ਅਧਿਆਇ ਵਿਚ ਸੇਖੋਂ ਆਲੋਚਨਾ ਦੇ ਨਾਲ-ਨਾਲ ਕਿਸ਼ਨ ਸਿੰਘ ਦੀ ਆਲੋਚਨਾ ਦੀ ਚਰਚਾ ਕਰਦਿਆਂ ਉਹਨਾਂ ਦੀ ਆਲੋਚਨਾ ਦ੍ਰਿਸ਼ਟੀ ਨੂੰ ਪਛਾਨਣ ਦਾ ਯਤਨ ਅਤੇ ਦੋਹਾਂ ਦੁਆਰਾ ਆਪਣੀ ਆਲੋਚਨਾ ਦ੍ਰਿਸ਼ਟੀ ਲਈ ਇਕੋ ਸਾਹਿਤ ਸਿਧਾਂਤ ਅਪਣਾਉਂਦਿਆਂ ਵੀ ਮੁਲਾਂਕਣ ਉਪਰੰਤ ਵੱਖੋ-ਵੱਖਰੇ ਨਿਰਣਿਆਂ ਨੂੰ ਦਰਸਾਇਆ ਗਿਆ ਹੈ। ਸੰਤ ਸਿੰਘ ਸੇਖੋਂ ਅਤੇ ਕਿਸ਼ਨ ਸਿੰਘ ਉਪਰੰਤ ਹੋਰ ਆਲੋਚਕਾਂ ਦੇ ਨਾਂ ਵੀ ਵਰਣਨਯੋਗ ਹਨ ਪਰ ਇਹ ਚਿੰਤਕ ਪ੍ਰਮੁੱਖ ਆਲੋਚਕਾਂ ਸਾਹਵੇਂ ਸਿਧਾਂਤਕ-ਚੇਤਨਾ ਦੀ ਦ੍ਰਿਸ਼ਟੀ ਤੋਂ ਵਿਸ਼ੇਸ਼ ਮਹੱਤਵ ਨਹੀਂ ਰੱਖਦੇ।

**ਤੀਸਰਾ ਅਧਿਆਇ**

ਖੋਜ ਪ੍ਰਬੰਧ ਦੇ ਤੀਸਰੇ ਅਧਿਆਇ "ਮਾਰਕਸਵਾਦ ਤੋਂ ਪ੍ਰਭਾਵਿਤ ਪੰਜਾਬੀ ਆਲੋਚਨਾ" ਵਿਚ ਅਤਰ ਸਿੰਘ ਅਤੇ ਪਾਕਿਸਤਾਨੀ ਚਿੰਤਕ ਨਜਮ ਹੁਸੈਨ ਸੱਯਦ ਦੀ ਆਲੋਚਨਾ ਦ੍ਰਿਸ਼ਟੀ ਦਾ ਚਰਚਾ ਕੀਤਾ ਗਿਆ ਹੈ। ਇਸ ਤੋਂ ਬਾਅਦ ਇਹ ਸਪੱਸ਼ਟ ਕਰਨ ਦਾ ਯਤਨ ਕੀਤਾ ਗਿਆ ਹੈ ਕਿ ਇਹ ਦੋਵੇਂ ਚਿੰਤਕ ਮਾਰਕਸਵਾਦੀ ਸਾਹਿਤ-ਸਿਧਾਂਤਾਂ ਤੋਂ ਪ੍ਰਭਾਵਿਤ ਹੁੰਦੇ ਹੋਏ ਦੂਸਰੀਆਂ ਸਾਹਿਤ ਚਿੰਤਨ ਵਿਧੀਆਂ ਨੂੰ ਵੀ ਰਚਨਾ ਦੇ ਮੁਲਾਂਕਣ ਲਈ ਆਧਾਰ ਬਣਾਉਂਦੇ ਹਨ।

**ਚੌਥੇ ਅਧਿਆਇ**

ਇਸ ਖੋਜ ਪ੍ਰਬੰਧ ਦੇ ਚੌਥੇ ਅਧਿਆਇ "ਮਾਰਕਸਵਾਦੀ ਪੰਜਾਬੀ ਆਲਚੋਨਾ ਦਾ ਦੂਜਾ ਦੌਰ" ਵਿਚ ਨਵੀਂ ਮਾਰਕਸਵਾਦੀ ਪੰਜਾਬੀ ਆਲੋਚਨਾ ਦੀ ਚਰਚਾ ਕੀਤੀ ਗਈ ਹੈ। ਇਸਦੇ ਨਾਲ ਹੀ ਕੁਝ ਅਜਿਹੇ ਚਿੰਤਕਾਂ ਦੀ ਆਲੋਚਨਾ ਵੱਲ ਸੰਕੇਤ ਕੀਤਾ ਗਿਆ ਹੈ ਜੋ ਸਾਹਿਤ ਰਚਨਾ ਦੀ ਹੋਂਦ ਨੂੰ ਮਾਰਕਸਵਾਦੀ ਦ੍ਰਿਸ਼ਟੀ ਤੋਂ ਸਵੀਕਾਰ ਕਰਦਿਆਂ ਸਾਹਿਤ ਰਚਨਾ ਨੂੰ ਸਮਾਜਕ ਲੋਕ ਹਿੱਤਾਂ ਦੀ ਪ੍ਰਤੀਬੱਧਤਾ ਦੇ ਪਰਿਪੇਖ ਵਿਚ ਸਵੀਕਾਰ ਕਰਦੇ ਹਨ। ਜਿਵੇਂ ਕਿ ਟੀ.ਆਰ.ਵਿਨੋਦ, ਭਗਵਾਨ ਸਿੰਘ ਜੋਸ਼, ਕੇਸਰ ਸਿੰਘ ਕੇਸਰ, ਰਘਬੀਰ ਸਿੰਘ ਅਤੇ ਸੁਰਜੀਤ ਸਿੰਘ ਭੱਟੀ ਆਦਿ।

ਖੋਜ ਪ੍ਰਬੰਧ ਦੇ ਪੰਜਵੇਂ ਅਧਿਆਇ "ਮਾਰਕਸਵਾਦੀ ਆਲੋਚਨਾ ਬਾਰੇ ਮੂਲ ਸਥਾਪਨਾਵਾਂ" ਵਿਚ ਖੋਜ ਪ੍ਰਬੰਧ ਵਿਚ ਸਾਹਮਣੇ ਆਈਆਂ ਮੂਲ ਸਥਾਪਨਾਵਾਂ ਦੀ ਚਰਚਾ ਕੀਤੀ ਗਈ ਹੈ।

- ਸੁਰਜੀਤ ਸਿੰਘ ਭੱਟੀ ਨੇ 'ਪੰਜਾਬੀ ਯੂਨੀਵਰਸਿਟੀ ਪਟਿਆਲਾ' ਵਿਚ 'ਮਾਰਕਸਵਾਦੀ ਪੰਜਾਬੀ ਸਮੀਖਿਆ ਦਾ ਆਲੋਚਨਾਤਮਕ ਮੁਲਾਂਕਣ (ਪ੍ਰਿੰ. ਸੰਤ ਸਿੰਘ ਸੇਖੋਂ, ਪ੍ਰੋ. ਕਿਸ਼ਨ ਸਿੰਘ ਅਤੇ ਨਜਮ ਹੁਸੈਨ ਸੱਯਦ ਦੇ ਵਿਸ਼ੇਸ਼ ਪ੍ਰਸੰਗ ਵਿਚ)' ਵਿਸ਼ੇ ਉਪਰ 1983 ਵਿਚ ਡਾ. ਰਵਿੰਦਰ ਸਿੰਘ ਰਵੀ ਦੀ ਨਿਗਰਾਨੀ ਹੇਠ ਖੋਜ ਪ੍ਰਬੰਧ ਨੇਪਰੇ ਚਾੜਿਆ। ਇਹ ਖੋਜ ਪ੍ਰਬੰਧ ਪੀ.ਐੱਚ.ਡੀ ਦੀ ਡਿਗਰੀ ਲਈ ਪ੍ਰਸਤੁਤ ਕੀਤਾ ਗਿਆ ਹੈ।

ਇਸ ਖੋਜ ਪ੍ਰਬੰਧ ਵਿਚ ਮਾਰਕਸਵਾਦੀ ਪੰਜਾਬੀ ਆਲੋਚਨਾ ਦੀਆਂ ਵਿਰੋਧੀ ਸਥਾਪਨਾਵਾਂ ਦੇ ਪ੍ਰਸੰਗ ਵਿਚ ਮਾਰਕਸਵਾਦੀ, ਪ੍ਰਮੁੱਖ ਮਾਰਕਸਵਾਦੀ ਆਲੋਚਕਾਂ ਦੀਆਂ ਸਥਾਪਨਾਵਾਂ ਦਾ ਮੁਲਾਂਕਣ ਕੀਤਾ ਗਿਆ ਹੈ। ਇਸ ਵਿਸ਼ੇ ਦੀ ਸਾਰਥਕਤਾ ਅਤੇ ਤੱਤਕਾਲੀਨ ਪ੍ਰਸੰਗ ਵਿਚ ਇਸਦੇ ਮਹੱਤਵ ਨੂੰ ਮੁੱਖ ਰੱਖਦਿਆ 'ਮਾਰਕਸਵਾਦੀ ਪੰਜਾਬੀ ਸਮੀਖਿਆ ਦਾ ਆਲੋਚਨਾਤਮਕ ਮੁਲਾਂਕਣ' ਨੂੰ ਵਿਸ਼ੇ ਵਜੋਂ ਚੁਣਿਆ ਗਿਆ ਹੈ। ਇਸ ਖੋਜ ਪ੍ਰਬੰਧ ਵਿਚ ਮਾਰਕਸਵਾਦੀ ਦ੍ਰਿਸ਼ਟੀ ਦੇ ਧਾਰਨੀ ਚਿੰਤਕਾਂ ਨੂੰ ਆਦਰਸ਼ਵਾਦੀ ਚਿੰਤਕਾਂ ਦੁਆਰਾ ਸਥਾਪਤ ਆਲੋਚਨਾਤਮਕ ਧਾਰਨਾਵਾਂ ਦੇ ਪ੍ਰਸੰਗ ਵਿਚ ਰੱਖ ਕੇ ਵਿਚਾਰਨ ਦਾ ਯਤਨ ਕੀਤਾ ਗਿਆ ਹੈ। ਇਸ ਖੋਜ ਪ੍ਰਬੰਧ ਨੂੰ ਪੰਜ ਅਧਿਆਇ ਵਿਚ ਵੰਡਿਆ ਗਿਆ ਹੈ।

**ਪਹਿਲਾ ਅਧਿਆਇ**

ਇਸ ਖੋਜ ਪ੍ਰਬੰਧ ਦੇ ਅਧਿਆਇ "ਮਾਰਕਸਵਾਦ ਜੀਵਨ ਅਤੇ ਵਿਸ਼ਵ-ਦ੍ਰਿਸ਼ਟੀਕੋਣ" ਵਿਚ ਸਭ ਤੋਂ ਪਹਿਲਾਂ ਮਾਰਕਸਵਾਦ ਨੂੰ ਜੀਵਨ ਅਤੇ ਵਿਸ਼ਵ-ਦ੍ਰਿਸ਼ਟੀਕੋਣ ਵਜੋਂ ਵਿਚਾਰਿਆ ਗਿਆ ਹੈ। ਇਸ ਦਰਸ਼ਨ ਦੀਆਂ ਮੂਲ ਧਾਰਣਾਵਾਂ ਨੂੰ ਸਪੱਸ਼ਟ ਕਰਕੇ ਇਸਦੀ ਮੌਲਿਕਤਾ ਅਤੇ ਵਿਲੱਖਣਤਾ ਨੂੰ ਵੀ ਸਥਾਪਤ ਕਰਨ ਦਾ ਯਤਨ ਕੀਤਾ ਗਿਆ ਹੈ। ਇਸਤੋਂ ਬਾਅਦ ਪ੍ਰਮੁੱਖ ਮਾਰਕਸਵਾਦੀ ਸਾਹਿਤ-ਚਿੰਤਕਾਂ ਜਿਵੇਂ-ਕਾਰਲ ਮਾਰਕਸ, ਏਂਗਲਜ਼, ਲੈਨਿਨ, ਮਾਓ, ਪਲੈਖਾਨੋਵ, ਲੂਕਾਚ, ਅਰਨਸ਼ਟ ਫਿਸ਼ਰ ਆਦਿ ਤੋਂ ਲੈ ਕੇ ਆਧੁਨਿਕ ਮਾਰਕਸਵਾਦੀ ਚਿੰਤਕਾਂ ਜਿਵੇਂ ਟੈਰੀ ਈਗਲਟਨ, ਪਾਇਰੇ ਮਾਸ਼ੇਰੀ, ਗ੍ਰਾਮਸਕੀ ਅਤੇ ਵਾਲਟਰ ਬੈਂਜਾਮਿਨ ਤੀਕ ਦਾ ਸੰਖੇਪ ਇਤਿਹਾਸ ਅਤੇ ਉਹਨਾਂ ਦੇ ਮੁਖ ਵਿਚਾਰ ਪ੍ਰਸਤੁਤ ਕੀਤੇ ਗਏ ਹਨ। ਇਸ ਅਧਿਆਇ ਵਿਚ ਮਾਰਕਸਵਾਦੀ ਆਲੋਚਨਾ ਦੀਆਂ ਮੂਲ ਸਥਾਪਨਾਵਾਂ ਦਾ ਵਿਸਤ੍ਰਿਤ ਵਰਣਨ ਵੀ ਕੀਤਾ ਗਿਆ ਹੈ।

**ਦੂਸਰਾ ਅਧਿਆਇ**

ਇਸ ਖੋਜ ਪ੍ਰਬੰਧ ਦੇ ਦੂਸਰੇ ਅਧਿਆਇ 'ਪ੍ਰਿੰ. ਸੰਤ ਸਿੰਘ ਸੇਖੋਂ ਦੀ ਆਲੋਚਨਾ ਦ੍ਰਿਸ਼ਟੀ : ਮੌਲਿਕਤਾ, ਵਿਸ਼ਲੇਸ਼ਣ, ਮੁਲਾਂਕਣ, ਯੋਗਦਾਨ" ਵਿਚ ਸੰਤ ਸਿੰਘ ਸੇਖੋਂ ਦੀ ਆਲੋਚਨਾ ਦ੍ਰਿਸ਼ਟੀ ਦੇ ਵੱਖ-ਵੱਖ ਪਾਸਾਰਾਂ ਦਾ ਵਰਣਨ ਕੀਤਾ ਗਿਆ ਹੈ। ਇਸ ਅਧਿਆਇ ਦੇ ਆਰੰਭ ਵਿਚ ਮਾਰਕਸਵਾਦੀ ਪੰਜਾਬੀ ਆਲੋਚਨਾ ਦੇ ਆਰੰਭ ਤੋਂ ਪਹਿਲਾਂ ਦੇ ਇਤਿਹਾਸਕ ਪਿਛੋਕੜ ਦਾ ਵਰਣਨ ਵੀ ਕੀਤਾ ਗਿਆ ਹੈ। ਸੇਖੋਂ ਪ੍ਰਤਿ ਛਿੜੇ ਵਾਦ-ਵਿਵਾਦ ਦਾ ਜ਼ਿਕਰ ਕਰਨ ਉਪਰੰਤ ਉਸਦੇ ਸਾਹਿਤ-ਚਿੰਤਨ ਨਾਲ ਸੰਬੰਧਿਤ ਸਿਧਾਂਤਕ ਪੱਖ ਦਾ ਅਧਿਐਨ ਪੇਸ਼ ਕਰਨ ਤੋਂ ਬਾਅਦ ਵਿਹਾਰਕ ਪੱਖ ਵਿਚ ਉਸ ਦੁਆਰਾ ਗੁਰਬਾਣੀ, ਕਿੱਸਾ-ਕਾਵਿ, ਸੂਫੀ-ਕਾਵਿ, ਵਾਰ-ਕਾਵਿ ਅਤੇ ਆਧੁਨਿਕ ਸਾਹਿਤ ਦੇ ਪ੍ਰਸੰਗ ਵਿਚ ਸਥਾਪਿਤ ਸਥਾਪਨਾਵਾਂ ਦਾ ਵਿਸਤ੍ਰਿਤ ਵਿਸ਼ਲੇਸ਼ਣ ਕਰਨ ਦਾ ਯਤਨ ਕੀਤਾ ਗਿਆ ਹੈ। ਇਸ ਤੋਂ ਬਾਅਦ ਸਮੁੱਚੇ ਰੂਪ ਵਿਚ ਸੰਤ ਸਿੰਘ ਸੇਖੋਂ ਦੀਆਂ ਪ੍ਰਾਪਤੀਆਂ, ਕਮਜ਼ੋਰੀਆਂ ਅਤੇ ਯੋਗਦਾਨ ਦਾ ਵਰਣਨ ਕੀਤਾ ਗਿਆ ਹੈ।

**ਤੀਸਰਾ ਅਧਿਆਇ**

ਇਸ ਖੋਜ ਪ੍ਰਬੰਧ ਦੇ ਤੀਸਰੇ ਅਧਿਆਇ "ਪ੍ਰੋ. ਕਿਸ਼ਨ ਸਿੰਘ ਆਲੋਚਨਾ ਦ੍ਰਿਸ਼ਟੀ : ਮੌਲਿਕਤਾ, ਵਿਸ਼ਲੇਸ਼ਣ, ਮੁਲਾਂਕਣ, ਯੋਗਦਾਨ" ਵਿਚ ਵੀ ਦੂਸਰੇ ਅਧਿਆਇ ਦੇ ਪੈਟਰਨ ਅਨੁਸਾਰ ਸਭ ਤੋਂ ਪਹਿਲਾਂ ਪ੍ਰੋ. ਕਿਸ਼ਨ ਦੀਆਂ ਸਥਾਪਨਾਵਾਂ ਸੰਬੰਧੀ ਵਾਦ-ਵਿਵਾਦ, ਫਿਰ ਉਹਨਾਂ ਦੀ ਆਲੋਚਨਾ ਦਾ ਸਿਧਾਂਤਕ ਪੱਖ, ਉਸਤੋਂ ਬਾਅਦ ਵਿਹਾਰਕ ਪੱਖ ਵਿਚ ਗੁਰਬਾਣੀ, ਕਿੱਸਾ-ਕਾਵਿ, ਸੂਫੀ-ਕਾਵਿ ਦੇ ਨਾਲ-ਨਾਲ ਆਧੁਨਿਕ ਸਾਹਿਤ ਸੰਬੰਧੀ ਉਹਨਾਂ ਦੀਆ ਵਿਹਾਰਕ ਧਾਰਨਾਵਾਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਉਸਤੋਂ ਬਾਅਦ ਇਸ ਅਧਿਆਇ ਵਿਚ ਉਹਨਾਂ ਦੀਆਂ ਕਮਜ਼ੋਰੀਆਂ, ਪ੍ਰਾਪਤੀਆਂ ਅਤੇ ਯੋਗਦਾਨ ਦਾ ਜ਼ਿਕਰ ਕੀਤਾ ਗਿਆ ਹੈ।

**ਚੌਥਾ ਅਧਿਆਇ**

ਇਸ ਖੋਜ ਪ੍ਰਬੰਧ ਵਿਚਲੇ ਚੌਥੇ ਅਧਿਆਇ "ਨਜਮ ਹੁਸੈਨ ਸੱਯਦ ਆਲੋਚਨਾ ਦ੍ਰਿਸ਼ਟੀ : ਮੌਲਿਕਤਾ, ਵਿਸ਼ਲੇਸ਼ਣ, ਮੁਲਾਂਕਣ, ਯੋਗਦਾਨ" ਵਿਚ ਪੱਛਮੀ ਪੰਜਾਬ ਦੇ ਪ੍ਰਮੁਖ ਚਿੰਤਕ ਨਜਮ ਹੁਸੈਨ ਸੱਯਦ ਦੀਆਂ ਆਲੋਚਨਾਤਮਕ ਲਿਖਤਾਂ ਨੂੰ ਮੁਲਾਂਕਣ ਦਾ ਆਧਾਰ ਬਣਾਇਆ ਹੈ। ਨਜਮ ਹੁਸੈਨ ਸੱਯਦ ਸਪੱਸ਼ਟ ਰੂਪ ਵਿਚ ਕਿਸੇ ਵੀ ਆਲੋਚਨਾ-ਵਿਧੀ ਦੇ ਮਿਆਰ ਜਾਂ ਤਕਨੀਕੀ ਸ਼ਬਦਾਵਲੀ ਨੂੰ ਨਹੀਂ ਅਪਣਾਉਂਦੇ, ਸਗੋਂ ਗੈਰ-ਤਕਨੀਕੀ ਅਤੇ ਆਲੋਚਨਾਤਮਕ ਸ਼ਬਦਾਵਲੀ ਦੇ ਪ੍ਰਯੋਗ ਤੋਂ ਬਿਨਾਂ ਹੀ ਸਾਹਿਤਕ ਕ੍ਰਿਤ ਦੇ ਪਾਠ ਦਾ ਸੂਖਮ ਅਤੇ ਵਿਸਤ੍ਰਿਤ ਅਧਿਐਨ ਕਰਦੇ ਹਨ। ਉਹਨਾਂ ਦੁਆਰਾ ਇਸ ਅਧਿਐਨ ਪਿਛੇ ਵੀ ਇੱਕ ਵਿਸ਼ੇਸ਼ ਦ੍ਰਿਸ਼ਟੀਕੋਣ ਅਤੇ ਆਲੋਚਨਾ-ਵਿਧੀ ਕਾਰਜਸ਼ੀਲ ਹੈ। ਇਸਦਾ ਅਧਿਐਨ, ਵਿਸ਼ਲੇਸ਼ਣ ਅਤੇ ਮੁਲਾਂਕਣ ਹੀ ਇਸ ਖੋਜ-ਪ੍ਰਬੰਧ ਦੇ ਇਸ ਅਧਿਆਇ ਨੂੰ ਸਮਰਪਿਤ ਹੈ।

**ਪੰਜਵਾ ਅਧਿਆਇ**

ਖੋਜ ਪ੍ਰਬੰਧ ਦੇ ਪੰਜਵੇਂ ਅਧਿਆਇ "ਹੋਰ ਮਾਰਕਸਵਾਦੀ ਆਲੋਚਕ" ਵਿਚ ਪ੍ਰਮੁੱਖ ਮਾਰਕਸਵਾਦੀ ਆਲੋਚਕਾਂ ਤੋਂ ਬਿਨਾਂ ਦੂਸਰੇ ਪ੍ਰਸਿੱਧ ਮਾਰਕਸਵਾਦੀ ਆਲੋਚਕ ਜਿਵੇਂ ਪ੍ਰੋ. ਅਤਰ, ਡਾ. ਆਹਲੂਵਾਲੀਆ, ਡਾ. ਤੇਜਵੰਤ ਗਿੱਲ, ਡਾ. ਕੇਸਰ ਸਿੰਘ ਕੇਸਰ ਅਤੇ ਟੀ.ਆਰ.ਵਿਨੋਦ ਆਦਿ ਦੀਆਂ ਸਿਧਾਂਤਕ ਅਤੇ ਵਿਹਾਰਕ ਆਲੋਚਨਾਤਮਕ-ਸਥਾਪਨਾਵਾਂ ਦਾ ਵਿਸ਼ਲੇਸ਼ਣ ਕਰਦਿਆਂ ਉਹਨਾਂ ਦੁਆਰਾ ਸਥਾਪਿਤ ਧਾਰਨਾਵਾਂ ਸੰਬੰਧੀ ਵਿਸ਼ਲੇਸ਼ਣ ਅਤੇ ਮੁਲਾਂਕਣ ਦਾ ਯਤਨ ਕੀਤਾ ਗਿਆ ਹੈ।

- ਖੋਜਾਰਥੀ ਨਰੇਸ਼ ਕੁਮਾਰ ਨੇ 'ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਚ "ਵੀਹਵੀਂ ਸਦੀ ਦੇ ਅੰਤਲੇ ਦੋ ਦਹਾਕਿਆਂ ਦਾ ਮਾਰਕਸਵਾਦੀ ਪੰਜਾਬੀ ਸਾਹਿਤ ਚਿੰਤਨ : ਤੁਲਨਾਤਮਕ ਤੇ ਇਤਿਹਾਸ-ਮੂਲਕ ਅਧਿਐਨ" ਵਿਸ਼ੇ ਉਪਰ 2010 ਵਿਚ ਹਰਿਭਜਨ ਸਿੰਘ ਭਾਟੀਆ ਦੀ ਨਿਗਰਾਨੀ ਹੇਠ ਖੋਜ

ਪ੍ਰਬੰਧ ਨੇਪਰੇ ਚਾੜਿਆ। ਇਹ ਖੋਜ ਪ੍ਰਬੰਧ ਵੀਹਵੀਂ ਸਦੀ ਦੇ ਅੰਤਲੇ ਦੋ ਦਹਾਕਿਆਂ ਦੇ ਮਾਰਕਸਵਾਦੀ ਪੰਜਾਬੀ ਸਾਹਿਤ ਚਿੰਤਨ ਨਾਲ ਸੰਬੰਧਿਤ ਤੱਥਾਂ ਦੀ ਪਛਾਣ ਕਰਕੇ ਉਹਨਾਂ ਦਾ ਤੁਲਨਾਤਮਕ ਅਤੇ ਇਤਿਹਾਸਮੂਲਕ-ਅਧਿਐਨ, ਵਿਸ਼ਲੇਸ਼ਣ ਅਤੇ ਮੁਲਾਂਕਣ ਪ੍ਰਸਤੁਤ ਕਰਨ ਉਤੇ ਆਧਾਰਿਤ ਹੈ। ਇਹ ਖੋਜ ਪ੍ਰਬੰਧ ਪੀ.ਐਚ.ਡੀ ਦੀ ਡਿਗਰੀ ਲਈ ਪ੍ਰਸਤੁਤ ਕੀਤਾ ਗਿਆ ਹੈ। ਇਸ ਖੋਜ ਪ੍ਰਬੰਧ ਨੂੰ ਛੇ ਅਧਿਆਇ ਵਿਚ ਵੰਡਿਆ ਗਿਆ ਹੈ।

**ਪਹਿਲਾ ਅਧਿਆਇ**

ਹਥਲੇ ਖੋਜ ਪ੍ਰਬੰਧ ਦੇ ਪਹਿਲੇ ਅਧਿਆਇ "ਵੀਂਹਵੀ ਸਦੀ ਦੇ ਅੰਤਲੇ ਦੋ ਦਹਾਕਿਆਂ ਦਾ ਮਾਰਕਸਵਾਦੀ ਪੰਜਾਬੀ ਸਾਹਿਤ ਚਿੰਤਨ : ਪ੍ਰਾਪਤ ਅਧਿਐਨ" ਵਿਚ ਇਸ ਦੌਰ ਵਿਚ ਪੈਦਾ ਹੋਏ ਮਾਰਕਸਵਾਦੀ ਸਾਹਿਤ ਚਿੰਤਨ ਦੇ ਸੰਬੰਧੀ ਪ੍ਰਾਪਤ ਅਧਿਐਨ ਦਾ ਵਰਗੀਕਰਨ ਤੇ ਵਿਸ਼ਲੇਸ਼ਣ ਕੀਤਾ ਗਿਆ ਹੈ। ਇਸ ਅਧਿਆਇ ਵਿਚ ਇਸ ਦੌਰ ਦੇ ਚਿੰਤਨ ਵਿਚਲੇ ਮੂਲ ਸੂਤਰਾਂ ਅਤੇ ਸਾਂਝੀ ਹੋਂਦ ਦੀ ਤਲਾਸ਼ ਕੀਤੀ ਗਈ ਹੈ।

**ਦੂਜਾ ਅਧਿਆਇ**

ਇਸ ਖੋਜ ਪ੍ਰਬੰਧ ਦੇ ਦੂਜੇ ਅਧਿਆਇ "ਵੀਂਹਵੀ ਸਦੀ ਦੇ ਅੰਤਲੇ ਦੋ ਦਹਾਕਿਆ ਦਾ ਮਾਰਕਸਵਾਦੀ ਪੰਜਾਬੀ ਸਾਹਿਤ ਚਿੰਤਨ : ਸਿਧਾਂਤਕ ਚੌਖਟਾ" ਵਿਚ ਅਧਿਐਨ ਵਸਤੂ ਬਣੇ ਚਿੰਤਨ ਦੀ ਤਹਿ ਹੇਠ ਕਾਰਜਸ਼ੀਲ ਨੇਮਾਂ, ਜੁਗਤਾਂ, ਸੰਦਾਂ, ਸੰਕਲਪਾਂ ਦੀ ਪਛਾਣ ਕਰਕੇ ਇਸ ਸਾਹਿਤ ਚਿੰਤਨ ਦੇ ਸਿਧਾਂਤਕ ਸਰੋਕਾਰਾਂ ਨੂੰ ਉਲੀਕਿਆ ਗਿਆ ਹੈ।

**ਤੀਜਾ ਅਧਿਆਇ**

ਖੋਜ ਪ੍ਰਬੰਧ ਦੇ ਤੀਜੇ ਅਧਿਆਇ "ਵੀਂਹਵੀ ਸਦੀ ਦੇ ਅੰਤਲੇ ਦੋ ਦਹਾਕਿਆਂ ਦਾ ਮਾਰਕਸਵਾਦੀ ਸਾਹਿਤ ਚਿੰਤਨ : ਪੰਜਾਬੀ ਸਾਹਿਤ, ਇਤਿਹਾਸ, ਸਾਹਿਤ ਆਲੋਚਨਾ ਅਤੇ ਖੋਜ ਸਿਧਾਂਤ ਸੰਬੰਧੀ ਧਾਰਨਾਵਾਂ" ਵਿਚ ਵੱਖ-ਵੱਖ ਪਰ ਅੰਤਰ-ਸੰਬੰਧਿਤ ਅਨੁਸ਼ਾਸਨਾਂ ਪੰਜਾਬੀ-ਸਾਹਿਤ, ਇਤਿਹਾਸ, ਸਾਹਿਤ-ਆਲੋਚਨਾ ਅਤੇ ਖੋਜ ਸਿਧਾਂਤ ਸੰਬੰਧੀ ਇਸ ਅਰਸੇ ਦੇ ਚਿੰਤਨ ਦੀਆਂ ਧਾਰਨਾਵਾਂ ਦਾ ਵਿਸ਼ਲੇਸ਼ਣ/ਮੁਲਾਂਕਣ ਕਰਨ ਦਾ ਯਤਨ ਕੀਤਾ ਗਿਆ ਹੈ। ਪੰਜਾਬੀ ਸਮੀਖਿਆ ਜਗਤ ਵਿਚ ਇਹ ਸਭ ਅਨੁਸ਼ਾਸਨ ਰਲਗੱਡ ਅਵਸਥਾ ਵਿਚ ਪ੍ਰਚੱਲਿਤ ਹਨ, ਇਸ ਅਧਿਆਇ ਵਿਚ ਇਹਨਾਂ ਅਨੁਸ਼ਾਸਨਾਂ ਵਿਚ ਨਿਖੇੜਾ ਸਥਾਪਤ ਕਰਕੇ ਇਹਨਾਂ ਦੇ ਵੱਖੋ-ਵੱਖਰੇ ਨਕਸ਼ ਸਥਾਪਤ ਕਰਨ ਦਾ ਯਤਨ ਕੀਤਾ ਗਿਆ ਹੈ ਅਤੇ ਇਹਨਾਂ ਵੱਖਰੇ-ਵੱਖਰੇ ਪ੍ਰੰਤੂ ਅੰਤਰ-ਸੰਬੰਧਿਤ ਅਨੁਸ਼ਾਸਨਾਂ ਸੰਬੰਧੀ ਸੰਬੰਧਿਤ ਚਿੰਤਕਾਂ ਦੇ ਰਵੱਈਏ ਅਤੇ ਦ੍ਰਿਸ਼ਟੀਕੋਣਾਂ ਨੂੰ ਉਤਾਰਿਆ ਗਿਆ ਹੈ।

**ਚੌਥੇ ਅਤੇ ਪੰਜਵੇਂ ਅਧਿਆਇ**

ਕ੍ਰਮਵਾਰ "ਵੀਹਵੀਂ ਸਦੀ ਦੇ ਅੰਤਲੇ ਦੋ ਦਹਾਕਿਆਂ ਦਾ ਮਾਰਕਸਵਾਦੀ ਪੰਜਾਬੀ ਸਾਹਿਤ ਚਿੰਤਨ :ਮੱਧਕਾਲੀ ਸਾਹਿਤ ਸੰਬੰਧੀ ਧਾਰਨਾਵਾਂ" ਅਤੇ "ਵੀਂਹਵੀ ਸਦੀ ਦੇ ਅੰਤਲੇ ਦੋ ਦਹਾਕਿਆਂ ਦਾ ਮਾਰਕਸਵਾਦੀ ਪੰਜਾਬੀ ਸਾਹਿਤ ਚਿੰਤਨ :ਆਧੁਨਿਕ ਸਾਹਿਤ ਸੰਬੰਧੀ ਧਾਰਨਾਵਾਂ ਵਿਚ ਮੁਢਲੇ ਚਿੰਤਕਾਂ ਦੇ ਆਪਣੇ ਤੋਂ ਪੂਰਵਲੇ ਅਤੇ ਸਮਕਾਲੀ ਮਾਰਕਸਵਾਦੀ ਤੇ ਰੂਪਵਾਦੀ/ਸੰਰਚਨਾਵਾਦੀ ਚਿੰਤਨ ਨਾਲ ਰਚਾਏ ਸੰਵਾਦ ਨੂੰ ਸਾਹਮਣੇ ਲਿਆਂਦਾ ਗਿਆ ਹੈ ਅਤੇ ਨਾਲ ਹੀ ਮੱਧਕਾਲੀਨ ਅਤੇ ਆਧੁਨਿਕ ਪੰਜਾਬੀ ਸਾਹਿਤ ਸੰਬੰਧੀ ਇਹਨਾਂ ਚਿੰਤਕਾਂ ਦੀਆਂ ਧਾਰਨਾਵਾਂ, ਅਧਿਐਨ-ਵਿਧੀ ਅਤੇ ਅਧਿਐਨ ਦ੍ਰਿਸ਼ਟੀ ਦੀ ਪਰਖ/ਪੜਚੋਲ ਵੀ ਕੀਤੀ ਗਈ ਹੈ।

**ਛੇਵਾਂ ਅਧਿਆਇ**

ਖੋਜ ਪ੍ਰਬੰਧ ਦੇ ਛੇਵੇਂ ਅਧਿਆਇ "ਵੀਹਵੀਂ ਸਦੀ ਦੇ ਅੰਤਲੇ ਦੋ ਦਹਾਕਿਆਂ ਦਾ ਮਾਰਕਸਵਾਦੀ ਪੰਜਾਬੀ ਸਾਹਿਤ ਚਿੰਤਨ : ਤੁਲਨਾਤਮਿਕ ਅਧਿਐਨ" ਵਿਚ ਵੱਖ-ਵੱਖ ਸਿਧਾਂਤਕ ਅਤੇ ਵਿਹਾਰਕ ਵਰਤਾਰਿਆਂ ਸੰਬੰਧੀ ਇਹਨਾਂ ਚਿੰਤਕਾਂ ਦੀਆਂ ਧਾਰਨਾਵਾਂ ਦਾ ਤੁਲਨਾਤਮਕ ਪਰਿਪੇਖ ਉਸਾਰਿਆ ਗਿਆ ਹੈ। ਸਮੁੱਚੇ ਅਧਿਐਨ ਉਪਰੰਤ ਸਾਹਮਣੇ ਆਈਆਂ ਸਥਾਪਨਾਵਾਂ ਨੂੰ ਸੂਤ੍ਰਿਕ ਰੂਪ ਵਿਚ ਪ੍ਰਸਤੁਤ ਕੀਤਾ ਗਿਆ ਹੈ।

- ਖੋਜਾਰਥੀ ਧਰਮਿੰਦਰ ਸਿੰਘ ਨੇ "ਪੰਜਾਬੀ ਯੂਨੀਵਰਸਿਟੀ ਪਟਿਆਲਾ" ਵਿਚ "ਮਾਰਕਸਵਾਦੀ ਪੰਜਾਬੀ ਆਲੋਚਨਾ ਸਿਧਾਂਤ ਅਤੇ ਵਿਹਾਰ (1990 ਤੋਂ ਪਿਛੋਂ ਦੀ ਆਲੋਚਨਾ ਦੇ ਵਿਸ਼ੇਸ਼ ਪ੍ਰਸੰਗ ਵਿਚ)" ਵਿਸ਼ੇ ਉਪਰ 2015 ਵਿਚ ਡਾ. ਰਜਿੰਦਰਪਾਲ ਸਿੰਘ ਬਰਾੜ ਦੀ ਨਿਗਰਾਨੀ ਹੇਠ ਖੋਜ ਪ੍ਰਬੰਧ ਨੇਪਰੇ ਚਾੜਿਆ। ਇਹ ਖੋਜ ਪ੍ਰਬੰਧ ਪੀ.ਐਚ.ਡੀ ਦੀ ਡਿਗਰੀ ਲਈ ਪ੍ਰਸਤੁਤ ਕੀਤਾ ਗਿਆ।

ਇਸ ਖੋਜ ਪ੍ਰਬੰਧ ਵਿਚ ਮਾਰਕਸਵਾਦੀ ਪੰਜਾਬੀ ਆਲੋਚਨਾ ਦੀ ਇਤਿਹਾਸਕ ਵਿਕਾਸ ਰੇਖਾ ਉਲੀਕਣ ਦੀ ਬਜਾਇ, ਪ੍ਰਤੀਨਿਧ ਆਲੋਚਨਾ ਦੀ ਮਾਰਕਸਵਾਦੀ ਆਲੋਚਨਾ ਨੂੰ ਸਿਧਾਤਾਂ ਅਤੇ ਵਿਹਾਰਕਤਾ ਨਾਲ ਨੇੜਤਾ ਦੇ ਆਧਾਰ ਤੇ ਸਮਝਣ ਦਾ ਯਤਨ ਕੀਤਾ ਹੈ। ਆਲੋਚਨਾ ਪਾਠਾਂ ਦੇ ਨਿਕਟ ਅਧਿਐਨ ਰਾਹੀਂ ਜਿਥੇ ਸਿਧਾਂਤਕ ਆਧਾਰਾਂ ਦੀ ਸ਼ਨਾਖਤ ਕੀਤੀ ਗਈ ਹੈ, ਉਥੇ ਪੰਜਾਬੀ ਆਲੋਚਨਾ ਦੀ ਸਾਹਿਤਕ ਰਚਨਾਵਾਂ ਪ੍ਰਤੀ ਪਹੁੰਚ, ਦ੍ਰਿਸ਼ਟੀ, ਵਿਚਾਰਧਾਰਾ, ਚੇਤੰਨਤਾ, ਪ੍ਰਤੀਬੱਧਤਾ ਵਸਤੂ ਅਤੇ ਰੂਪ ਦੇ ਦਵੰਦਾਤਮਕ ਸੰਬੰਧਾਂ ਨੂੰ ਆਲੋਚਨਾ ਪਾਠਾਂ ਦੇ ਆਧਾਰ ਤੇ ਪਛਾਣਿਆ ਗਿਆ ਹੈ। ਇਸ ਖੋਜ ਪ੍ਰਬੰਧ ਨੂੰ ਛੇ ਅਧਿਆਇ ਵਿਚ ਵੰਡਿਆ ਗਿਆ ਹੈ।

**ਪਹਿਲਾ ਅਧਿਆਇ**

ਹਥਲੇ ਖੋਜ ਪ੍ਰਬੰਧ ਦੇ ਪਹਿਲੇ ਅਧਿਆਇ "1990 ਤੋਂ ਪਿਛੋਂ ਬਦਲਦਾ ਯਥਾਰਥ" ਵਿਚ 1990 ਤੋਂ ਪਿਛੋਂ ਜਦੋਂ ਸੋਵੀਅਤ ਯੂਨੀਅਨ ਦਾ ਵਿਗਠਨ ਹੋ ਜਾਂਦਾ ਹੈ ਤੇ ਪੂੰਜੀਵਾਦੀ ਸਮਰਥਕ ਚਿੰਤਕਾਂ ਵੱਲੋਂ ਪੂੰਜੀਵਾਦ ਦੀ ਜਿੱਤ ਅਤੇ ਸਮਾਜਵਾਦ ਦੀ ਹਾਰ ਦਾ ਐਲਾਨ ਕਰ ਦਿੱਤਾ ਜਾਂਦਾ ਹੈ, ਦੇ ਸਮੁੱਚੇ ਪਰਿਦ੍ਰਿਸ਼ ਨੂੰ ਸਮਝਣ ਦਾ ਯਤਨ ਕੀਤਾ ਹੈ। ਇਸ ਅਧਿਆਇ ਵਿਚ ਇਹਨਾਂ ਸਮੁੱਚੀਆਂ ਤਬਦੀਲੀਆਂ ਦੇ ਪਿਛੋਕੜ ਵਿਚ ਕਾਰਜਸ਼ੀਲ, ਉਤਪਾਦਨੀ ਤਾਕਤਾਂ ਦੀਆਂ ਰਾਜਸੀ, ਆਰਥਿਕ ਨੀਤੀਆਂ ਅਤੇ ਪ੍ਰੋਗਰਾਮਾਂ ਦੀ ਸ਼ਨਾਖਤ ਕੀਤੀ ਹੈ। ਇਸ ਸਮੁੱਚੇ ਵਰਤਾਰੇ ਸੰਬੰਧੀ ਤਰਕਸ਼ੀਲ ਨਜ਼ਰੀਏ ਤੋਂ ਇਤਿਹਾਸਕ ਪਹੁੰਚ ਰਾਹੀਂ ਇਸਦੇ ਸੱਭਿਆਚਾਰਕ, ਰਾਜਨੀਤਿਕ, ਆਰਥਿਕ, ਧਾਰਮਿਕ ਅਤੇ ਹੋਰ ਅਨੁਸ਼ਾਸਨਾਂ ਉਪਰ ਹੋਣ ਵਾਲੇ ਹਾਂ ਪੱਖੀ ਤੇ ਨਾਂਹ ਪੱਖੀ ਪ੍ਰਭਾਵ ਨੂੰ ਵੀ ਪੰਜਾਬੀ ਭਾਰਤੀ ਪ੍ਰਸੰਗ ਨਾਲ ਜੋੜ ਕੇ ਸਮਝਣ ਦਾ ਯਤਨ ਕੀਤਾ ਗਿਆ ਹੈ।

**ਅਧਿਆਇ ਦੂਜਾ**

ਇਸ ਖੋਜ ਪ੍ਰਬੰਧ ਦੇ ਦੂਜੇ ਅਧਿਆਇ "ਮਾਰਕਸਵਾਦੀ ਆਲੋਚਨਾ : ਸਿਧਾਂਤਕ ਪਰਿਪੇਖ" ਵਿਚ ਮਾਰਕਸਵਾਦੀ ਆਲੋਚਨਾਵਾਂ ਦੇ ਮੂਲ ਸੰਕਲਪਾਂ ਸੰਬੰਧੀ ਮਾਰਕਸ, ਏਂਗਲਜ਼, ਲੈਨਿਨ ਅਤੇ ਹੋਰ ਆਲੋਚਕਾਂ ਦੁਆਰਾ ਵਿਚਾਰਾਂ ਨੂੰ ਸਿਧਾਂਤਕ ਅਤੇ ਵਿਹਾਰਕ ਰੂਪ ਵਿਚ ਸਮਝਣ ਦਾ ਯਤਨ ਕੀਤਾ ਗਿਆ ਹੈ। ਇਸ ਤੋਂ ਬਾਅਦ ਬਦਲ ਰਹੀਆਂ ਸਥਿਤੀਆਂ ਅਤੇ ਚਿੰਨ੍ਹਾਂ ਦੀ ਲਗਾਤਾਰਤਾ ਵਿਚ ਮਾਰਕਸਵਾਦੀ ਆਲੋਚਨਾ ਅਤੇ ਮਾਰਕਸਵਾਦੀ ਸਾਹਿਤ ਸ਼ਾਸਤਰ ਜਾਂ ਸੁਹਜ-ਸ਼ਾਸਤਰ ਨੂੰ ਸੰਗਠਿਤ ਰੂਪ ਵਿਚ ਪ੍ਰਤਿਪਾਦਤ ਕਰਨ ਵਾਲੇ ਚਿੰਤਕਾਂ ਦੀਆਂ ਧਾਰਨਾਵਾਂ ਦੇ ਪ੍ਰਸੰਗ ਵਿਚ ਆਪਣੇ ਵਿਚਾਰਾਂ ਨੂੰ ਸੂਤਰਬੱਧ ਕੀਤਾ ਗਿਆ ਹੈ।

ਅਗਲੇ ਚਾਰ ਅਧਿਆਇ ਪੰਜਾਬੀ ਦੀ ਵਿਧਾਗਤ ਆਲੋਚਨਾ ਨਾਲ ਨਜਿੱਠਦੇ ਹਨ। ਇਹ ਚਾਰ ਅਧਿਆਇ "1990 ਤੋਂ ਪਿਛੋਂ ਦੀ ਮਾਰਕਸਵਾਦੀ ਪੰਜਾਬੀ ਕਾਵਿ ਆਲੋਚਨਾ", "1990 ਤੋਂ ਪਿਛੋਂ ਦੀ ਮਾਰਕਸਵਾਦੀ ਪੰਜਾਬੀ ਕਹਾਣੀ ਆਲੋਚਨਾ", "1990 ਤੋਂ ਪਿਛੋਂ ਦੀ ਮਾਰਕਸਵਾਦੀ ਪੰਜਾਬੀ ਨਾਵਲ-ਆਲੋਚਨਾ", "1990 ਤੋਂ ਪਿਛੋਂ ਦੀ ਮਾਰਕਸਵਾਦੀ ਪੰਜਾਬੀ ਨਾਟਕ-ਆਲੋਚਨਾ" ਕ੍ਰਮਵਾਰ ਕਵਿਤਾ, ਕਹਾਣੀ, ਨਾਵਲ ਅਤੇ ਨਾਟਕ ਦੀ ਪ੍ਰਾਪਤੀ ਨਾਲ ਬਾਵਸਤਾ ਹਨ। ਇਹਨਾਂ ਵਿਚ ਮਾਰਕਸਵਾਦੀ ਆਲੋਚਨਾ ਦੇ ਨੇਮਾਂ ਸੰਬੰਧੀ ਪੰਜਾਬੀ ਦੇ ਮਾਰਕਸਵਾਦੀ ਆਲੋਚਕਾਂ ਦੀ ਸਿਧਾਂਤਕ ਪਹੁੰਚ ਅਤੇ ਰਚਨਾ ਦੇ ਵਿਹਾਰਕ ਅਧਿਐਨ ਸਮੇਂ ਇਹ ਇਸਦੇ ਵਿਭਿੰਨ ਪੱਖਾਂ ਤੱਕ ਮਾਰਕਸਵਾਦੀ ਸਿਧਾਂਤ ਦੀ ਰੌਸ਼ਨੀ ਵਿਚ ਰਚਨਾਵਾਂ ਦਾ ਵਿਸ਼ਲੇਸ਼ਣ ਕਰਦੇ ਹਨ। ਇਸ ਵਿਸ਼ਲੇਸ਼ਣ ਰਾਹੀਂ ਇਹਨਾਂ ਦੇ ਸਮੀਖਿਆਕਾਰਾਂ ਦੇ ਆਧਾਰ ਦਾ ਅਧਿਐਨ ਕਰਦਿਆਂ ਇਹਨਾਂ ਦੀ ਵਿਚਾਰਧਾਰਕ ਦ੍ਰਿਸ਼ਟੀ ਸਮਾਜਿਕ-ਰਾਜਨੀਤਿਕ ਚੇਤਨਾ, ਵਿਚਾਰਧਾਰਕ ਪ੍ਰਤਿਬੱਧਤਾ ਅਤੇ ਵਸਤੂ ਤੇ ਰੂਪ ਦੇ ਦਵੰਦਾਤਮਕ ਸੰਬੰਧਾਂ ਨੂੰ ਸਮਝਣ ਵਿਚ ਇਹਨਾਂ ਦੀ ਗਿਆਨ-ਸ਼ਾਸਤਰੀ ਅਤੇ ਸੁਹਜ-ਸ਼ਾਸਤਰੀ ਪਹੁੰਚ ਦਾ

ਨਿਰੀਖਣ ਕਰਨ ਦਾ ਯਤਨ ਕੀਤਾ ਹੈ। ਸਾਹਿਤਕ ਰਚਨਾਵਾਂ ਸੰਬੰਧੀ ਪੰਜਾਬੀ ਆਲੋਚਕਾਂ ਦੀ ਇਤਿਹਾਸਕ ਪਹੁੰਚ ਨੂੰ ਪਕੜਨ ਲਈ ਕਿਸੇ ਪੂਰਵ-ਨਿਰਧਾਰਿਤ ਚੌਖਟੇ ਜਾਂ ਵਿਚਾਰ-ਮਾਡਲ ਨੂੰ ਇਹਨਾਂ ਉਪਰ ਆਰੋਪਿਤ ਨਹੀਂ ਕੀਤਾ, ਸਗੋਂ ਇਹਨਾਂ ਦੇ ਅਧਿਐਨ ਵਸਤੂ ਦੇ ਅੰਤਰ-ਨਿਹਿਤ ਚੇਤਾਵਨੀ ਤੱਤਾਂ ਨੂੰ ਪਛਾਣਨ ਲਈ ਇਹਨਾਂ ਦੀਆਂ ਕਿਰਤਾਂ ਦਾ ਵਿਸ਼ਲੇਸ਼ਣ ਕੀਤਾ ਹੈ ਅਤੇ ਇਹਨਾਂ ਨੂੰ ਪੁਨਰ ਸੰਗਠਿਤ ਵੀ ਕੀਤਾ ਗਿਆ ਹੈ। ਇਹਨਾਂ ਕਿਰਤਾਂ ਵਿਚੋਂ ਉਭਰਦੀ ਸਿਧਾਂਤ ਅਤੇ ਵਿਹਾਰ ਦੀ ਦਵੰਦਸ਼ੀਲਤਾ ਦੇ ਤਨਾਉ ਅਤੇ ਸੁਲਝਾਉ ਨੂੰ ਮਾਰਕਸਵਾਦੀ ਦ੍ਰਿਸ਼ਟੀ ਦੀ ਸਹਾਇਤਾ ਨਾਲ ਨਜਿੱਠਿਆ ਗਿਆ ਹੈ।

## 2.2. ਐਮ.ਫਿਲ ਖੋਜ ਨਿਬੰਧ

- ਖੋਜਾਰਥੀ ਸਰਬਜੀਤ ਕੌਰ ਨੇ 'ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ' ਵਿਚ "ਸੰਤ ਸਿੰਘ ਸੇਖੋਂ ਸਾਹਿਤ-ਚਿੰਤਨ : ਸਿਧਾਂਤਕ ਸਰੂਪ" ਵਿਸ਼ੇ ਉਪਰ 2001-2002 ਵਿੱਚ ਡਾ. ਹਰਿਭਜਨ ਸਿੰਘ ਭਾਟੀਆ ਦੀ ਨਿਗਰਾਨੀ ਹੇਠ ਇਸ ਖੋਜ ਨਿਬੰਧ ਨੂੰ ਨੇਪਰੇ ਚਾੜਿਆ। ਇਹ ਖੋਜ ਨਿਬੰਧ ਐਮ.ਫਿਲ ਦੀ ਡਿਗਰੀ ਲਈ ਪ੍ਰਸਤੁਤ ਕੀਤਾ ਗਿਆ ਹੈ। ਇਸ ਖੋਜ-ਨਿਬੰਧ ਦਾ ਮੂਲ ਮਕਸਦ ਸੰਤ ਸਿੰਘ ਸੇਖੋਂ ਦੇ ਸਾਹਿਤ-ਚਿੰਤਨ ਦੇ ਸਿਧਾਂਤਕ ਸਰੂਪ ਨੂੰ ਸਮਝਣਾ ਅਤੇ ਉਸਦਾ ਵਿਸ਼ਲੇਸ਼ਣ-ਮੁਲਾਂਕਣ ਕਰਨਾ ਹੈ। ਇਸ ਖੋਜ-ਨਿਬੰਧ ਵਿਚ ਸੀਮਿਤ ਅਧਿਐਨ-ਵਸਤੂ ਦੀ ਸੰਰਚਨਾ ਦੇ ਅੰਦਰਵਾਰ ਕਾਰਜਸ਼ੀਲ ਤੱਤਾਂ ਦੇ ਅੰਤਰ-ਸੰਬੰਧਾਂ ਦੀ ਪਛਾਣ ਕਰਕੇ ਉਸਦੀਆਂ ਵਿਸ਼ੇਸ਼ਤਾਵਾਂ ਅਤੇ ਵਿਲੱਖਣਤਾਵਾਂ ਨੂੰ ਉਭਾਰਨ ਦਾ ਉਪਰਾਲਾ ਕੀਤਾ ਹੈ। ਇਸ ਖੋਜ-ਨਿਬੰਧ ਨੂੰ ਚਾਰ ਅਧਿਆਇ ਵਿਚ ਵੰਡਿਆ ਗਿਆ ਹੈ।

### ਪਹਿਲਾ ਅਧਿਆਇ

ਇਸ ਖੋਜ-ਨਿਬੰਧ ਦੇ ਪਹਿਲੇ ਅਧਿਆਇ "ਸੰਤ ਸਿੰਘ ਸੇਖੋਂ ਸਾਹਿਤ-ਚਿੰਤਨ : ਪ੍ਰਾਪਤ ਸਮੱਗਰੀ ਦਾ ਅਧਿਐਨ" ਵਿਚ ਸੇਖੋਂ ਦੇ ਸਾਹਿਤ-ਚਿੰਤਨ ਦੇ ਸਿਧਾਂਤਕ ਸਰੂਪ ਸੰਬੰਧੀ ਪ੍ਰਾਪਤ-ਸਮੱਗਰੀ ਨੂੰ ਲੱਭਿਆ ਗਿਆ ਹੈ। ਉਸਦਾ ਵਰਗੀਕਰਨ ਕੀਤਾ ਗਿਆ ਹੈ ਅਤੇ ਉਸ ਵਿਚ ਪੇਸ਼ ਧਾਰਨਾਵਾਂ ਨੂੰ ਜਾਨਣ-ਸਮਝਣ ਦਾ ਯਤਨ ਕੀਤਾ ਗਿਆ ਹੈ। ਪ੍ਰਾਪਤ ਅਧਿਐਨ ਵਿਚੋਂ ਕੋਈ ਵੀ ਅਧਿਐਨ ਮੁਕੰਮਲ ਰੂਪ ਵਿਚ ਉਸਦੇ ਸਾਹਿਤ-ਚਿੰਤਨ ਦੇ ਸਿਧਾਂਤਕ ਸਰੂਪ ਨੂੰ ਸਮਝਣ ਲਈ ਸਮਰਪਿਤ ਨਜ਼ਰ ਨਹੀਂ ਆਉਂਦਾ।

### ਅਧਿਆਇ ਦੂਸਰਾ

ਖੋਜ-ਨਿਬੰਧ ਦੇ ਦੂਸਰੇ ਅਧਿਆਇ "ਸੰਤ ਸਿੰਘ ਸੇਖੋਂ ਤੋਂ ਪੂਰਵਲੇ ਸਾਹਿਤ-ਚਿੰਤਨ ਦਾ ਮੁਹਾਂਦਰਾ" ਵਿਚ ਸੰਤ ਸਿੰਘ ਸੇਖੋਂ ਦੇ ਸਾਹਿਤ-ਚਿੰਤਨ ਦੀ ਵਿਲੱਖਣਤਾ ਨੂੰ ਪਛਾਨਣ ਲਈ ਉਸ ਤੋਂ ਪੂਰਵਲੇ ਚਿੰਤਨ ਦਾ ਵਿਸ਼ਲੇਸ਼ਣ-ਮੁਲਾਂਕਣ ਕੀਤਾ ਗਿਆ ਹੈ। ਇਸ ਅਧਿਆਇ ਵਿਚ ਉਹਨਾਂ ਬਿੰਦੂਆਂ ਦੀ ਪਛਾਣ ਕਰਨ ਦੀ

ਕੋਸ਼ਿਸ਼ ਕੀਤੀ ਹੈ ਜਿੰਨ੍ਹਾਂ ਦੇ ਆਧਾਰ ਉਤੇ ਸੇਖੋਂ-ਚਿੰਤਨ ਦੀ ਪੂਰਵਲੇ ਚਿੰਤਨ ਨਾਲੋਂ ਸਾਂਝ ਅਤੇ ਵਿਲੱਖਣਤਾ ਨੂੰ ਪਛਾਣਿਆ ਗਿਆ ਹੈ।

**ਅਧਿਆਇ ਤੀਸਰਾ-ਚੌਥਾ**

ਸੰਤ ਸਿੰਘ ਸੇਖੋਂ ਦੇ ਸਾਹਿਤ-ਚਿੰਤਨ ਦੇ ਸਿਧਾਂਤਕ ਸਰੂਪ ਦੀ ਸਮਝ ਅਤੇ ਵਿਸ਼ਲੇਸ਼ਣ-ਮੁਲਾਂਕਣ ਲਈ ਤੀਸਰੇ ਅਧਿਆਇ 'ਸੰਤ ਸਿੰਘ ਸੇਖੋਂ ਸਿਧਾਂਤ-ਚਿੰਤਨ (ਸਾਹਿਤਿਆਰਥ ਦੇ ਆਧਾਰ ਤੇ)' ਅਤੇ ਚੌਥੇ ਅਧਿਆਇ 'ਸੰਤ ਸਿੰਘ ਸੇਖੋਂ ਸਿਧਾਂਤ-ਚਿੰਤਨ (ਸਮੀਖਿਆ ਪ੍ਰਣਾਲੀਆਂ ਦੇ ਆਧਾਰ ਤੇ)' ਵਿਚ ਕ੍ਰਮਵਾਰ ਉਸਦੀਆਂ ਸਾਹਿਤ-ਸਿਧਾਂਤ ਸੰਬੰਧੀ ਪੁਸਤਕਾਂ 'ਸਾਹਿਤਿਆਰਥ' ਅਤੇ 'ਸਮੀਖਿਆ ਪ੍ਰਣਾਲੀਆਂ' ਨੂੰ ਅਧਿਐਨ ਵਸਤੂ ਬਣਾਇਆ ਗਿਆ ਅਤੇ ਉਹਨਾਂ ਵਿਚਲੇ ਪਾਸਾਰਾਂ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ। ਇਹਨਾਂ ਸਿਧਾਂਤ ਪਾਠਾਂ ਦੀ ਸਮਝ ਲਈ ਉਸ ਤੋਂ ਪੂਰਵਲਾ-ਚਿੰਤਨ ਅਤੇ ਸਾਮਾਨਯ ਸਾਹਿਤ ਦਾ ਸਿਧਾਂਤ ਸਹਾਇਕ ਸ਼ਕਤੀ ਬਣੇ ਹਨ।

**2.3 ਐਮ.ਏ ਖੋਜਕਾਰਜ**

- ਖੋਜਾਰਥੀ ਭੁਪਿੰਦਰ ਕੌਰ ਜੌਹਲ ਨੇ 'ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਚ, ਐਮ.ਏ ਭਾਗ ਦੂਜਾ ਦੇ ਚੌਥੇ ਪਰਚੇ ਦੇ ਬਦਲ ਵਿਚ "ਪੰਜਾਬੀ ਮਾਰਕਸਵਾਦੀ ਸਾਹਿਤ-ਆਲੋਚਨਾ ਪ੍ਰਵਿਰਤੀ" ਵਿਸ਼ੇ ਉਪਰ 1982-83 ਵਿਚ ਡਾ. ਤਿਲਕ ਰਾਜ ਸ਼ਿੰਗਾਰੀ ਦੀ ਨਿਗਰਾਨੀ ਹੇਠ ਖੋਜ-ਨਿਬੰਧ ਨੇਪਰੇ ਚਾੜਿਆ।

ਮਾਰਕਸਵਾਦੀ ਪੰਜਾਬੀ ਆਲੋਚਨਾ ਪ੍ਰਵਿਰਤੀ ਇਸ ਹਥਲੇ ਖੋਜ-ਨਿਬੰਧ ਦਾ ਵਸਤੂ ਹੈ ਅਤੇ ਇਸ ਪ੍ਰਵਿਰਤੀ ਦੇ ਪਛਾਣ-ਚਿੰਨ੍ਹਾਂ ਦੀ ਪਛਾਣ ਇਸ ਖੋਜ-ਨਿਬੰਧ ਦਾ ਵਿਸ਼ਾ ਹੈ। ਇਸ ਖੋਜ-ਨਿਬੰਧ ਨੂੰ ਪੰਜ ਅੰਗਾਂ ਵਿਚ ਵੰਡਿਆ ਗਿਆ ਹੈ। ਹਥਲੇ ਖੋਜ-ਨਿਬੰਧ ਦਾ ਪਹਿਲਾ ਅੰਗ "ਪੰਜਾਬੀ ਸਾਹਿਤ ਆਲੋਚਨਾ : ਮਾਰਕਸਵਾਦੀ ਪ੍ਰਵਿਰਤੀ" ਹੈ। ਪੰਜਾਬੀ ਆਲੋਚਨਾ ਦੀ ਮਾਰਕਸਵਾਦੀ ਆਲੋਚਨਾ ਪ੍ਰਵਿਰਤੀ ਤੋਂ ਪਹਿਲਾਂ ਦੀ ਪ੍ਰਕ੍ਰਿਆ ਦਾ ਅਧਿਐਨ ਵਿਸ਼ਲੇਸ਼ਣ ਇਸ ਅੰਗ ਦਾ ਮੁੱਖ ਸਰੋਕਾਰ ਹੈ। ਇਹ ਮਾਰਕਸਵਾਦੀ ਆਲੋਚਨਾ ਦੀ ਸਥਾਪਤੀ ਤੱਕ ਦੀ ਪੰਜਾਬੀ ਆਲੋਚਨਾ ਦੀ ਪ੍ਰਕ੍ਰਿਆ ਦਾ ਵਿਸ਼ਲੇਸ਼ਣ ਕਰਦਿਆਂ ਮਾਰਕਸਵਾਦੀ ਆਲੋਚਨਾ ਦੇ ਸਿਧਾਂਤਕ ਆਧਾਰਾਂ ਨੂੰ ਸਮਝਣ ਵਲ ਰੁਚਿਤ ਹੈ। ਇਸ ਅੰਗ ਵਿਚ ਹੀ ਪੰਜਾਬੀ ਮਾਰਕਸਵਾਦੀ ਆਲੋਚਨਾ ਦੇ ਆਲੋਚਨਾ-ਰੂਪਾਕਾਰਾਂ ਦਾ ਵਰਗੀਕਰਣ ਪ੍ਰਸਤੁਤ ਕੀਤਾ ਗਿਆ ਹੈ।

ਇਸ ਵਰਗੀਕਰਣ ਵਿਚੋਂ ਹੀ ਇਸ ਖੋਜ-ਨਿਬੰਧ ਦੇ ਅਗਲੇ ਤਿੰਨ ਅੰਗ ਹੋਂਦ ਗ੍ਰਹਿਣ ਕਰਦੇ ਹਨ।

1. ਸਾਹਿਤ ਸਮੀਖਿਆ
2. ਸਾਹਿਤ ਇਤਿਹਾਸ
3. ਸਾਹਿਤ ਸਿਧਾਂਤ।

ਇਹਨਾਂ ਤਿੰਨਾਂ ਅੰਗਾਂ ਵਿਚ ਵੱਖ-ਵੱਖ ਆਲੋਚਨਾ ਰੂਪਾਕਾਰਾਂ ਵਿਚ ਮਾਰਕਸਵਾਦੀ ਆਲੋਚਨਾ ਦੀ ਪ੍ਰਵਿਰਤੀ ਦੀ ਕਾਰਜਸ਼ੀਲਤਾ ਦਾ ਅਧਿਐਨ ਕੀਤਾ ਗਿਆ ਹੈ।

1. ਸਾਹਿਤ ਕਿਰਤ
2. ਸਾਹਿਤ-ਤੱਥ ਅਤੇ
3. ਸਾਹਿਤਕਤਾ ਹਨ।

ਇਹ ਰੂਪਾਕਾਰ ਰਚਨਾਤਮਿਕ ਆਧਾਰਾਂ ਅਨੁਸਾਰ ਨਿਖੜਵੀਂ ਹੋਂਦ ਗ੍ਰਹਿਣ ਕਰਦੇ ਪਛਾਣੇ ਗਏ ਹਨ। ਸਮੀਖਿਆ, ਸਾਹਿਤ-ਕਿਰਤ ਦੇ ਵਿਸ਼ਲੇਸ਼ਣ ਨੂੰ ਮੁਖ-ਭੂਮੀ ਵਿਚ ਲਿਆਉਂਦੀ ਹੈ। ਸਾਹਿਤ-ਇਤਿਹਾਸ ਸਾਹਿਤ-ਤੱਥ ਦੇ ਮੁਲਾਂਕਣ ਨੂੰ ਮੁਖ-ਭੂਮੀ ਵਿਚ ਲਿਆਉਦਾ ਹੈ ਅਤੇ ਸਾਹਿਤ-ਸਿਧਾਂਤ ਸਾਹਿਤਕਤਾ ਦੇ ਨੇਮ ਵਿਧਾਨ ਨੂੰ ਮੁਖ ਭੂਮੀ ਵਿਚ ਲਿਆਉਂਦਾ ਹੈ। ਸਭਨਾਂ ਰੂਪਾਕਾਰਾਂ ਵਿਚ ਇਹ ਤਿੰਨੇ ਕਾਰਜ ਸ਼ਾਮਿਲ ਰਹਿੰਦੇ ਹਨ, ਪ੍ਰੰਤੂ ਇਕ ਮੁਖ ਭੂਮੀ ਵਿਚ ਅਤੇ ਦੂਸਰੇ ਦੋਵੇਂ ਪਿੱਠ ਭੂਮੀ ਵਿਚ ਰਹਿੰਦੇ ਹਨ।

ਰੂਪਾਕਾਰਾਂ ਦੇ ਇਸ ਨਿਖੇੜ ਇਹ ਵਿਚ ਪੈ ਕੇ ਮਾਰਕਸਵਾਦੀ ਆਲੋਚਨਾ ਦੇ ਕੁੱਝ ਚੋਣਵੇਂ ਪਾਠਾਂ ਦਾ ਵਿਸ਼ਲੇਸ਼ਣ ਪੇਸ਼ ਕੀਤਾ ਗਿਆ ਹੈ। ਚੋਣਵੇਂ ਪਾਠਾ ਦੇ ਵਿਸ਼ਲੇਸ਼ਣ ਦੇ ਆਧਾਰ ਉੱਤੇ ਮਾਰਕਸਵਾਦੀ ਸਾਹਿਤ ਆਲੋਚਨਾ ਦੇ ਰਚਨਾਤਮਿਕ ਸਿਧਾਂਤ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ।

ਕਿਉਂਕਿ ਰਚਨਾਤਮਿਕ ਸਿਧਾਂਤ ਹੀ ਕਿਸੇ ਪ੍ਰਵਿਰਤੀ ਦੇ ਪਛਾਣ-ਚਿੰਨ੍ਹ ਨਿਰਧਾਰਿਤ ਕਰਦਾ ਹੈ, ਇਸ ਕਰਕੇ ਇਸ ਖੋਜ-ਨਿਬੰਧ ਦਾ ਆਖਰੀ ਅੰਗ "ਪੰਜਾਬੀ ਮਾਰਕਸਵਾਦੀ ਆਲੋਚਨਾ ਪ੍ਰਵਿਰਤੀ : ਪਛਾਣ-ਚਿੰਨ੍ਹ" ਵਿਚ ਇਹਨਾਂ ਪਛਾਣ-ਚਿੰਨ੍ਹਾਂ ਨੂੰ ਸਮੂਰਤ ਪੱਧਰ ਉੱਤੇ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ। ਇਹ ਅੰਗ ਮਾਰਕਸਵਾਦੀ ਪ੍ਰਵਿਰਤੀ ਨੂੰ ਦੂਸਰੀਆਂ ਸਮਕਾਲੀ ਪ੍ਰਵਿਰਤੀਆਂ ਦੇ ਪ੍ਰਸੰਗ ਵਿਚ ਵਿਸ਼ਲੇਸ਼ਿਤ ਕਰਦਾ ਹੈ। ਪਛਾਣ-ਚਿੰਨ੍ਹ ਹੀ ਇਸ ਪ੍ਰਵਿਰਤੀ ਦੀ ਨਿਵੇਕਲੀ ਸੰਪਤੀ ਹਨ। ਇਹ ਪ੍ਰਵਿਰਤੀ ਨੂੰ ਸਥਾਪਿਤ ਵੀ ਕਰਦੇ ਹਨ ਤੇ ਦੂਸਰਿਆਂ ਤੇ ਨਿਖੜਦੇ ਵੀ ਹਨ। ਨਿਖੇੜ ਅਤੇ ਸਥਾਪਨ ਬਰਾਬਰ ਹੀ ਪੇਸ਼ ਕੀਤਾ ਗਿਆ ਹੈ। ਇਹ ਅੰਗ ਮਾਰਕਸਵਾਦੀ ਆਲੋਚਨਾ ਦੀਆਂ ਸਥਾਪਨਾਵਾਂ ਦਾ ਹੋਰ ਪ੍ਰਵਿਰਤੀਆਂ ਦੀਆਂ ਸਥਾਪਨਾ ਦੇ ਪ੍ਰਸੰਗ ਵਿਚ ਅਧਿਐਨ ਹੈ।

ਇਸ ਤਰ੍ਹਾਂ ਇਸ ਖੋਜ-ਕਾਰਜ ਵਿਚਲਾ ਅਧਿਐਨ ਨਾ ਤਾਂ ਮਾਰਕਸਵਾਦੀ ਆਲੋਚਨਾ ਦੇ ਸਿਧਾਂਤ-ਪਾਠ ਦੀ ਸਿਰਜਣਾ ਵਲ ਰੁਚਿਤ ਹੈ ਅਤੇ ਨਾ ਹੀ ਇਹ ਮਾਰਕਸਵਾਦੀ ਆਲੋਚਨਾ ਦੇ ਇਤਿਹਾਸ ਪਾਠ ਦੀ ਸਿਰਜਣਾ ਵੱਲ, ਇਹ ਅਧਿਐਨ ਮਾਰਕਸਵਾਦੀ ਆਲੋਚਨਾ ਦੇ ਸਮੀਖਿਆ ਪਾਠ-ਵਲ ਰੁਚਿਤ ਹੈ।

## 2.4 ਆਲੋਚਨਾਤਮਕ ਖੋਜ ਪੱਤਰ/ਲੇਖ

- ਹਰਿਭਜਨ ਸਿੰਘ ਭਾਟੀਆ ਦੁਆਰਾ ਸੰਪਾਦਿਤ ਪੁਸਤਕ 'ਵੀਹਵੀਂ ਸਦੀ ਦੀ ਪੰਜਾਬੀ ਆਲੋਚਨਾ ਸੰਬਾਦ ਤੇ ਮੁਲਾਂਕਣ' ਵਿਚ ਸੁਰਜੀਤ ਸਿੰਘ ਭੱਟੀ ਦੁਆਰਾ ਲਿਖਿਆ 'ਮਾਰਕਸਵਾਦੀ ਪੰਜਾਬੀ ਆਲੋਚਨਾ : ਦਸ਼ਾ ਅਤੇ ਦਿਸ਼ਾ' ਨਾਂ ਦਾ ਖੋਜ ਪੱਤਰ ਪੇਸ਼ ਕੀਤਾ ਗਿਆ ਹੈ। ਇਸ ਖੋਜ ਪੱਤਰ ਵਿਚ ਸੁਰਜੀਤ ਸਿੰਘ ਭੱਟੀ ਆਲੋਚਨਾ ਦੇ ਆਰੰਭ ਬਾਰੇ ਗੱਲ ਕਰਦਿਆਂ ਹੋਇਆ ਲਿਖਦਾ ਹੈ ਕਿ ਸੰਤ ਸਿੰਘ ਸੇਖੋਂ ਦੀ ਪੁਸਤਕ 'ਸਾਹਿਤਿਆਰਥ ਨਾਲ ਪੰਜਾਬੀ ਵਿਚ ਪਹਿਲੀ ਵਾਰੀ ਮਾਰਕਸਵਾਦੀ ਜਾਂ ਸਿਧਾਂਤਕ ਆਲੋਚਨਾ ਦਾ ਨੀਂਹ ਪੱਥਰ ਰੱਖਿਆ ਗਿਆ। ਸੁਰਜੀਤ ਸਿੰਘ ਭੱਟੀ ਇਸ ਖੋਜ ਪੱਤਰ ਵਿਚ ਦੱਸਦਾ ਹੈ ਕਿ ਸੇਖੋਂ ਵਿਚਾਰਧਾਰਕ ਤੇ ਕਾਵਿ-ਸ਼ਾਸਤਰੀ ਦ੍ਰਿਸ਼ਟੀ ਨੂੰ ਆਪਣੀ ਆਲੋਚਨਾ ਦਾ ਆਧਾਰ ਬਣਾਉਦਾ ਹੈ, ਉਥੇ ਹੀ ਕਿਸ਼ਨ ਸਿੰਘ ਦਾ ਚਿੰਤਨ ਇਸਨੂੰ ਜਮਾਤੀ ਟੱਕਰ ਦੇ ਕਲਾਤਮਕ ਪ੍ਰਗਟਾਵੇ ਵਜੋਂ ਪਰਿਭਾਸ਼ਿਤ ਕਰਦਾ ਹੈ। ਇਸ ਦੌਰ ਦੀ ਸਮੁੱਚੀ ਆਲੋਚਨਾ ਮੁਖ ਰੂਪ ਵਿਚ ਮਾਰਕਸਵਾਦੀ ਆਲੋਚਨਾ ਦੇ ਮੂਲ ਸੰਕਲਪਾਂ ਦੇ ਸਾਮਾਨਾਂਤਰ ਪੱਖਾਂ ਉਪਰ ਜ਼ੋਰ ਦਿੰਦੀ ਦਿਸਦੀ ਹੈ। ਭੱਟੀ ਆਪਣੇ ਇਸ ਖੋਜ ਪੱਤਰ ਵਿਚ ਦੱਸਦਾ ਹੈ ਕਿ ਇਸ ਦੌਰ ਦੀ ਪੰਜਾਬੀ ਆਲੋਚਨਾ ਦੀ ਸਭ ਤੋਂ ਵੱਡੀ ਪ੍ਰਾਪਤੀ ਸੰਰਚਨਾਵਾਦੀ ਤੇ ਮਾਰਕਸਵਾਦੀ ਵਿਚਲਾ ਸਿਧਾਂਤਕ ਸੰਵਾਦ ਹੈ ਜੋ ਉਹਨਾਂ ਆਪਣੇ ਪੱਖ ਨੂੰ ਸਥਾਪਿਤ ਕਰਨ ਅਤੇ ਦੂਜੇ ਪੱਖ ਨੂੰ ਰੱਦ ਕਰਨ ਲਈ ਰਚਾਇਆ ਸੀ। ਇਸ ਦੌਰ ਵਿਚ ਪਹਿਲਾਂ ਹੋ ਚੁੱਕੀ ਮਾਰਕਸਵਾਦੀ ਆਲੋਚਨਾ ਦੇ ਆਲੋਚਨਾਤਮਕ ਮੁਲਾਂਕਣ ਦੀ ਜ਼ਰੂਰਤ ਵੀ ਪ੍ਰਬਲ ਰਹੀ। ਭੱਟੀ ਅੱਗੇ ਦੱਸਦਾ ਹੈ ਕਿ ਪ੍ਰਗਤੀਵਾਦੀ ਤੇ ਪੰਜਾਬੀ ਸਾਹਿਤ ਦੇ ਆਪਸੀ ਸੰਬੰਧਾਂ ਦਾ ਪੁਨਰ ਮੁਲਾਂਕਣ ਵੀ ਮਾਰਕਸਵਾਦੀ ਆਲੋਚਨਾ ਦੀ ਇਕ ਹੋਰ ਪ੍ਰਾਪਤੀ ਹੈ। ਸੁਰਜੀਤ ਸਿੰਘ ਭੱਟੀ ਦੁਆਰਾ ਇਸ ਖੋਜ ਪੱਤਰ ਵਿਚ ਦਿੱਤੇ ਉਪਰੋਕਤ ਵਿਚਾਰਾਂ ਅਨੁਸਾਰ ਕਿਹਾ ਜਾ ਸਕਦਾ ਹੈ ਪੰਜਾਬੀ ਮਾਰਕਸਵਾਦੀ ਆਲੋਚਨਾ 1950 ਤੋਂ ਆਰੰਭ ਹੋ ਕੇ 1970 ਤੋਂ ਬਾਅਦ ਪੱਛਮ ਦੀਆਂ ਵਿਕਸਿਤ ਆਲੋਚਨਾ ਪ੍ਰਣਾਲੀਆਂ ਨਾਲ ਇਸਦਾ ਭਰਪੂਰ ਸੰਵਾਦ ਚੱਲਦਾ ਰਿਹਾ ਹੈ। ਸਾਡੇ ਅਵਿਕਸਿਤ ਸਮਾਜ ਵਿਗਿਆਨ ਪੰਜਾਬੀ ਆਲੋਚਨਾ ਦੇ ਇਸ ਵਿਕਾਸ ਨੂੰ ਅੱਗੇ ਤੋਰਨ ਦੀ ਥਾਂ ਇਸ ਦਿਸ਼ਾ ਵਿਚ ਰੁਕਾਵਟ ਬਣ ਰਹੇ ਹਨ। ਅਜੋਕੀ ਸਥਿਤੀ ਸਮੁੱਚੀ ਪੰਜਾਬੀ ਆਲੋਚਨਾ ਨੂੰ ਧਿਆਨ ਵਿਚ ਰੱਖਦਿਆਂ ਕੋਈ ਬਹੁਤੀ ਸੰਤੋਖ ਜਨਕ ਸਥਿਤੀ ਪ੍ਰਵਾਨ ਨਹੀਂ ਕੀਤੀ ਜਾ ਸਕਦੀ।

- ਰਵਿੰਦਰ ਭੱਠਲ ਤੇ ਸੁਖਦੇਵ ਸਿੰਘ ਦੁਆਰਾ ਸੰਪਾਦਿਤ ਪੁਸਤਕ 'ਮਾਰਕਸਵਾਦੀ ਸਾਹਿਤ ਚਿੰਤਨ ਸਮਕਾਲੀ ਸਰੋਕਾਰ' ਵਿਚ ਡਾ. ਸੁਤਿੰਦਰ ਸਿੰਘ ਨੂਰ ਦੁਆਰਾ ਲਿਖਿਆ 'ਮਾਰਕਸਵਾਦੀ ਅਤੇ ਉਤਰ-ਆਧੁਨਿਕਤਾਵਾਦੀ ਸੰਵਾਦ' ਨਾਂ ਦਾ ਖੋਜ ਪੱਤਰ ਪੇਸ਼ ਕੀਤਾ ਗਿਆ ਹੈ। ਇਸ ਖੋਜ ਪੱਤਰ ਵਿਚ ਡਾ. ਸੁਤਿੰਦਰ ਸਿੰਘ ਨੂਰ ਮਾਰਕਸਵਾਦ ਤੇ ਉੱਤਰ-ਆਧੁਨਿਕਤਾ ਦੇ ਸੰਵਾਦ ਦੀ ਗੱਲ ਕਰਦਿਆਂ ਕਹਿੰਦਾ ਹੈ ਕਿ ਉੱਤਰ-ਆਧੁਨਿਕਤਾ ਜਾਂ ਉੱਤਰ-ਆਧੁਨਿਕਤਾਵਾਦ ਤੋਂ ਪਹਿਲਾਂ ਮਾਰਕਸਵਾਦ ਦਾ ਸੰਵਾਦ ਸੰਰਚਨਾਵਾਦ ਜਾਂ ਉੱਤਰ-ਸੰਰਚਨਾਵਾਦ ਨਾਲ ਸਹਾਮਣੇ ਆਉਂਦਾ ਹੈ। ਡਾ. ਨੂਰ ਉਤਰ-ਆਧਨਿਕਤਾਵਾਦ ਬਾਰੇ ਦੋ ਵਤੀਰਿਆਂ ਨੂੰ ਦ੍ਰਿਸ਼ਟੀਗੋਚਰ ਕਰਦਾ ਹੈ। ਇਕ ਉਹ ਜਿਸ ਵਿਚ ਮਾਰਕਸਵਾਦੀ ਚਿੰਤਨ ਉਤਰ-ਆਧੁਨਿਕਤਾਵਾਦ ਦਾ ਮੂਲ ਤੋਂ ਹੀ ਵਿਰੋਧ ਕਰਦਾ ਹੈ ਅਤੇ ਦੂਜਾ ਉਹ ਜਿਸ ਵਿੱਚ ਅਜਿਹੀ ਦ੍ਰਿਸ਼ਟੀ ਹੈ ਜੋ ਮਾਕਸਵਾਦ ਤੇ ਉਤਰ-ਆਧੁਨਿਕਤਾਵਾਦ ਨੂੰ ਸੰਯੁਕਤ ਕਰਦੀ ਹੈ। ਸੰਵਾਦ ਦੀ ਪ੍ਰਕਿਰਿਆ ਨੂੰ ਦ੍ਰਿੜ ਕਰਦਿਆਂ ਨੂਰ ਇਸ ਖੋਜ ਪੱਤਰ ਵਿਚ ਕਹਿੰਦਾ ਹੈ ਕਿ ਇਹ ਦ੍ਰਿਸ਼ਟੀ ਮਾਰਕਸਵਾਦੀ ਸੰਦਰਭਾਂ ਵਿਚ ਜੋ ਉਤਰ-ਆਧੁਨਿਕਤਾ ਤੱਕ ਨਵੀਨੀਕਰਨ ਹੋਇਆ, ਉਸ ਵਿਚਾਰਧਾਰਾ ਨੂੰ ਵਿਕਾਸ ਦੀ ਪ੍ਰਕਿਰਿਆ ਵਿਚ ਦੇਖਦੀ ਹੈ। ਡਾ. ਨੂਰ ਖੋਜ ਪੱਤਰ ਵਿਚ ਅੱਗੇ ਲਿਖਦਾ ਹੈ ਕਿ ਜਦੋਂ ਮਾਰਕਸਵਾਦ ਤੇ ਉਤਰ-ਆਧੁਨਿਕਤਾ ਵਿਚ ਸੰਵਾਦੀ ਰਿਸ਼ਤੇ ਦੀ ਗੱਲ ਹੁੰਦੀ ਹੈ ਤਾਂ ਨਵ-ਮਾਰਕਸਵਾਦੀ ਸਥਿਤੀਆਂ ਨੂੰ ਪੂਰਨ ਰੂਪ ਵਿਚ ਵਿਚ ਘੋਖਣਾਂ ਜਰੂਰੀ ਹੋ ਜਾਂਦਾ ਹੈ। ਨੂਰ ਨੇ ਆਪਣੇ ਖੋਜ ਪੱਤਰ ਵਿਚ ਕੁੱਝ ਰੂਸੀ ਲੇਖਕਾਂ ਦੀ ਕੱਟੜਤਾ ਬਾਰੇ ਵੀ ਗੱਲ ਕੀਤੀ ਹੈ ਜੋ ਮਾਰਕਸਵਾਦ ਤੇ ਉਤਰ-ਆਧੁਨਿਕਤਾਵਾਦ ਦੇ ਬਾਰੇ ਪਹਿਲਾਂ ਹੋ ਚੁੱਕੇ ਵਾਦ-ਵਿਵਾਦ ਨੂੰ ਸੀਮਤ ਕਰ ਦਿੰਦੀ ਹੈ। ਡਾ. ਨੂਰ ਇਸ ਖੋਜ ਪੱਤਰ ਵਿੱਚ ਦੱਸਦਾ ਹੈ ਕਿ ਮਾਰਕਸਵਾਦ ਤੇ ਉਤਰ ਆਧੁਨਿਕਤਾਵਾਦ ਦਾ ਸੰਵਾਦ ਇਸ ਉਤਰ-ਆਧੁਨਿਕ ਦ੍ਰਿਸ਼ਟੀ ਤੋਂ ਸੰਭਵ ਨਹੀਂ ਹੋ ਸਕਦਾ ਹੈ ਜੋ ਫਰਾਂਸ ਅਤੇ ਹੋਰ ਯੂਰਪੀ ਚਿੰਤਕਾਂ ਵਿਚ ਸਾਹਮਣੇ ਆਉਂਦੀ ਹੈ। ਆਪਣੇ ਇਸ ਖੋਜ ਪੱਤਰ ਵਿਚ ਡਾ. ਨੂਰ ਕਹਿੰਦਾ ਹੈ ਕਿ ਪੰਜਾਬੀ ਵਿਚ ਅਗੇਰੇ ਤੁਰਦਿਆਂ ਮਾਰਕਸਵਾਦ ਤੇ ਉਤਰ-ਆਧੁਨਿਕਤਾਵਾਦ ਦੇ ਅਜਿਹੇ ਸੰਵਾਦ ਨੂੰ ਸਮਝਣਾਂ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ ਕਿਉਂਕਿ ਇਸ ਸੰਵਾਦ ਨਾਲ ਹੀ ਗਲੋਬਲੀ ਸਮੱਸਿਆਵਾਂ ਨੂੰ ਆਪਣੇ ਪਰਿਪੇਖ ਵਿਚ ਵਧੇਰੇ ਸਮਝਿਆ ਜਾ ਸਕਦਾ ਹੈ।
- ਰਵਿੰਦਰ ਭੱਠਲ ਤੇ ਸੁਖਦੇਵ ਸਿੰਘ ਦੁਆਰਾ ਸੰਪਾਦਿਤ ਪੁਸਤਕ 'ਮਾਰਕਸਵਾਦੀ ਸਾਹਿਤ ਚਿੰਤਨ ਸਮਕਾਲੀ ਸਰੋਕਾਰ' ਵਿਚ ਡਾ. ਰਮੇਸ਼ ਕੁੰਤਲ ਮੇਘ ਦੁਆਰਾ ਲਿਖਿਆ 'ਸਾਡਾ ਵਰਤਮਾਨ ਅਤੇ ਮਾਰਕਸਵਾਦੀ ਸਰੋਕਾਰ' ਨਾਂ ਦਾ ਖੋਜ ਪੱਤਰ ਪੇਸ਼ ਕੀਤਾ ਗਿਆ ਹੈ। ਡਾ. ਰਮੇਸ਼ ਨੇ ਮਾਰਕਸਵਾਦ ਨੂੰ ਪ੍ਰਭਾਸ਼ਿਤ ਕਰਦਿਆਂ ਲਿਖਿਆ ਹੈ ਕਿ ਮਾਰਕਸਵਾਦੀ ਵਿਸ਼ਵ ਇਤਿਹਾਸ ਵਿਚ ਸੱਭਿਆਤਾਵਾਂ ਤੇ ਸੰਸਕ੍ਰਿਤੀਆਂ ਵਿਚ ਉਥਲ-ਪੁਥਲ ਕਰਦਾ ਹੈ ਤੇ ਉਹਨਾਂ ਦਾ ਨਿਰਮਾਣ ਕਰਨ ਵਾਲਾ ਇਕ ਮਾਤਰ

ਦਰਸ਼ਨ ਹੈ। ਡਾ. ਰਮੇਸ਼ ਇਸ ਖੋਜ ਪੱਤਰ ਵਿਚ ਇਸਦੇ ਇਤਿਹਾਸ ਦੀ ਗੱਲ ਕਰਦਿਆਂ ਦੱਸਦਾ ਹੈ ਕਿ ਮਾਰਕਸਵਾਦੀ ਗੁੱਟ ਦੀ ਸਥਾਪਨਾ ਤੋਂ ਬਾਅਦ ਦੋ ਪ੍ਰਮਾਣੂ ਸ਼ਕਤੀਆਂ ਸੰਯੁਕਤ ਰਾਜ ਅਮਰੀਕਾ ਤੇ ਸੋਵੀਅਤ ਸੰਘ ਦਾ ਉਦੈ ਹੁੰਦਾ ਹੈ। ਇਹਨਾਂ ਵਿਚ ਚੱਲੀ ਲੰਬੀ ਜੰਗ ਬਾਰੇ ਗੱਲ ਕਰਦਾ ਹੈ। ਸੰਸਾਰ ਦੇ ਗੁੱਟਾਂ ਵਿਚ ਵੰਡੇ ਜਾਣ ਨਾਲ ਤੀਸਰਾ ਖੇਮਾਂ ਵੀ ਉਭਰਿਆ ਜੋ ਕਿ ਵਿਸ਼ਵਸ਼ਾਂਤੀ ਤੇ ਪ੍ਰਗਤੀ ਲਈ ਲਗਾਤਾਰ ਤਤਪਰ ਸੀ, ਭਾਰਤ ਇਸ ਦਾ ਸੰਸਥਾਪਕ ਸੀ ਆਦਿ ਬਾਰੇ ਵੀ ਇਸ ਖੋਜ ਪੱਤਰ ਵਿਚ ਦੱਸਦਾ ਹੈ। ਡਾ. ਰਮੇਸ਼ ਸਾਹਿਤਕ-ਸਾਂਸਕ੍ਰਿਤਕ ਖੇਤਰ ਦੇ ਇਤਿਹਾਸ ਦੀ ਗੱਲ ਵੀ ਇਸ ਖੋਜ ਪੱਤਰ ਵਿਚ ਕਰਦਾ ਹੈ, ਜਿਸ ਵਿਚ ਉਹ ਹਿੰਦੀ ਲੇਖਕ ਸੰਗਠਨਾਂ ਵਿਚ ਪੈਦਾ ਹੋਏ ਮਹਾਂਰਥੀ ਲੇਖਕਾਂ ਅਤੇ ਫਿਰ ਇਹਨਾਂ ਵਿਚ ਪੈਦਾ ਹੋਈ ਅੰਤਰ ਵਿਰੋਧਤਾ ਬਾਰੇ ਦੱਸਦਾ ਹੈ। ਡਾ. ਰਮੇਸ਼ ਇਸ ਖੋਜ-ਪੱਤਰ ਵਿਚ ਮਾਰਕਸਵਾਦ ਦੀ ਕਾਰਜਸ਼ੀਲਤਾ ਬਾਰੇ ਗੱਲ ਕਰਦਿਆਂ ਦੱਸਦਾ ਹੈ ਕਿ ਮਾਰਕਸਵਾਦ ਕਰਮ-ਦਰਸ਼ਨ ਨੂੰ ਇਕ ਸਾਮਾਂਨਤਰ ਵਿਸ਼ਵ ਇਤਿਹਾਸ ਦੇ ਸਫਲ-ਅਸਫਲ ਨਿਰਮਾਣ ਨਾਲ ਜੂਝਣਾ ਪਿਆ। ਇਸ ਖੋਜ ਪੱਤਰ ਵਿਚ ਡਾ. ਰਮੇਸ਼ ਮਾਰਕਸਵਾਦ ਦੀ ਅਜੋਕੀ ਸਥਿਤੀ ਬਾਰੇ ਦੱਸਦਾ ਹੈ ਕਿ ਮਾਰਕਸਵਾਦ ਸਾਹਮਣੇ ਅਨੇਕਾਂ ਚੁਣੌਤੀਆਂ ਹਨ। ਭਾਰਤੀ ਖੱਬੇ ਪੱਖੀ ਖਾਸ ਕਰਕੇ ਮਾਰਕਸਵਾਦੀ ਨਵੇਂ ਤੇ ਪੁਰਾਣੇ ਦੋਵੇਂ ਸੰਘ ਕਮਜ਼ੋਰ ਪੈ ਚੁੱਕੇ ਹਨ ਅਤੇ ਇਹਨਾਂ ਦਾ ਪ੍ਰਭਾਵ ਵੀ ਕਮਜ਼ੋਰ ਹੋ ਰਿਹਾ ਹੈ। ਜਿਸਦੇ ਸਿੱਟੇ ਵਜੋਂ ਮਾਰੂ ਪ੍ਰਭਾਵ ਜਿਵੇਂ- ਗਰੀਬੀ, ਭੁੱਖਮਰੀ, ਛੋਟੇ ਉਦਯੋਗਾਂ ਦਾ ਵਿਨਾਸ਼, ਸਿੱਖਿਆ ਦਾ ਵਪਾਰੀਕਰਣ ਆਦਿ ਹੋ ਰਿਹਾ ਹੈ। ਅਜਿਹੇ ਮਹੌਲ ਵਿਚ ਉਹ ਮਾਰਕਸੀ ਪਾਰਟੀਆਂ ਦੀ ਨਾਂ ਮਾਤਰ ਕਾਰਗੁਜ਼ਾਰੀ ਨੂੰ ਦ੍ਰਿਸ਼ਟੀਗੋਚਰ ਕਰਦਾ ਹੈ। ਇਸ ਖੋਜ ਪੱਤਰ ਵਿਚ ਡਾ. ਰਮੇਸ਼ ਵਰਤਮਾਨ ਅਤੇ ਆਉਣ ਵਾਲੇ ਭਵਿੱਖ ਵਿਚ ਮਾਰਕਸਵਾਦੀ ਸਰੋਕਾਰਾਂ ਦੀ ਗੰਭੀਰਤਾ ਬਾਰੇ ਚਾਨਣਾ ਪਾਉਂਦਾ ਹੈ ਅਤੇ ਉਹ ਇਸ ਵਿਚ ਆਏ ਅਸਥਾਈ ਠਹਿਰਾਅ ਦੀ ਗੱਲ ਕਰਦਾ ਹੈ ਅਤੇ ਨਾਲ ਹੀ ਆਸਵੰਦ ਰਵੱਈਆ ਅਪਣਾਉਂਦਿਆਂ ਇਸ ਇਤਿਹਾਸਕ ਸਫਰ ਦੇ ਜਾਰੀ ਰਹਿਣ ਦੀ ਗੱਲ ਵੀ ਕਰਦਾ ਹੈ।

- ਹਰਿਭਜਨ ਸਿੰਘ ਭਾਟੀਆ ਦੁਆਰਾ ਸੰਪਾਦਿਤ ਪੁਸਤਕ 'ਸਾਹਿਤ ਅਧਿਐਨ ਵਿਧੀਆਂ ਵਰਤਮਾਨ ਪਰਿਪੇਖ' ਵਿਚ ਭੀਮ ਇੰਦਰ ਸਿੰਘ ਦੁਆਰਾ ਲਿਖਿਆ 'ਮਾਰਕਸਵਾਦੀ ਸਾਹਿਤ ਚਿੰਤਨ : ਵਰਤਮਾਨ ਪਰਿਪੇਖ, ਨਾਂ ਦਾ ਖੋਜ ਪੱਤਰ ਪੇਸ਼ ਕੀਤਾ ਗਿਆ ਹੈ। ਜਿਸ ਵਿਚ ਭੀਮ ਇੰਦਰ ਸਿੰਘ ਦੁਆਰਾ ਮਾਰਕਸਵਾਦ ਦੀ ਸਾਰਥਕਤਾ ਨੂੰ ਦਰਸਾਉਂਦਿਆਂ ਕਿਹਾ ਗਿਆ ਹੈ ਕਿ ਮਾਰਕਸਵਾਦ ਅਸਲ ਵਿਚ ਇਨਕਾਲਬ ਦਾ ਵਿਗਿਆਨ ਹੈ। ਇਸ ਖੋਜ ਪੱਤਰ ਵਿਚ ਮਾਰਕਸਵਾਦ ਦੀ ਵਰਤਮਾਨ ਵਿਚ ਪ੍ਰਸੰਗਿਕਤਾ ਨੂੰ ਸਪੱਸ਼ਟ ਕਰਦਿਆ ਕਿਹਾ ਗਿਆ ਹੈ ਕਿ ਅਜੋਕੇ ਗਿਆਨ ਤੇ ਵਿਗਿਆਨ ਦੇ ਤੇਜ਼ ਵਿਕਾਸ ਵਾਲੇ ਵਿਸ਼ਵ ਵਿਚ ਭਾਵੇਂ ਕਿ ਨਿੱਤ ਨਵੀਆਂ ਆਲੋਚਨਾ ਪ੍ਰਣਾਲੀਆਂ ਦ੍ਰਿਸ਼ਟੀਗੋਚਰ ਹੋ ਰਹੀਆਂ ਹਨ ਇਸਦੇ ਬਾਵਜੂਦ ਵੀ ਮਾਰਕਸਵਾਦੀ ਚਿੰਤਨ ਦੀ ਪ੍ਰਸੰਗਿਕਤਾ ਅਜੇ ਵੀ ਕਾਇਮ ਹੈ। ਇਸ ਖੋਜ

ਪੱਤਰ ਵਿਚ ਮਾਰਕਸਵਾਦ ਦੀ ਵਰਤਮਾਨ ਪ੍ਰਸੰਗਿਕਤਾ ਦਾ ਅੰਦਾਜਾ ਇਸ ਗੱਲ ਤੋਂ ਵੀ ਲਗਾਇਆ ਜਾ ਸਕਦਾ ਹੈ ਕਿ ਬੁਰਜੂਆ ਚਿੰਤਕਾਂ ਦੁਆਰਾ ਇਹ ਵੀ ਕਿਹਾ ਗਿਆ ਕਿ ਮਾਰਕਸਵਾਦ ਦਾ ਅੰਤ ਹੋ ਗਿਆ ਹੈ ਪਰ ਦੇਖਿਆ ਜਾਵੇ ਤਾਂ ਮਾਰਕਸਵਾਦ ਇਸ ਯੁੱਗ ਦਾ ਇਕਹਿਰਾ ਅਜਿਹਾ ਭਵਿਖਮੁਖੀ ਵਿਸ਼ਵ-ਦਰਸ਼ਨ ਹੈ ਜੋ ਆਪਣੇ ਵਿਰੋਧੀਆਂ ਨੂੰ ਪਛਾੜ ਕੇ ਤਰਕ ਵਿਧੀ ਦੇ ਆਧਾਰ ਤੋਂ ਵਿਕਸਿਤ ਰੂਪ ਵਿਚ ਸਾਡੇ ਸਾਹਮਣੇ ਆਇਆ ਹੈ। ਇਸ ਖੋਜ ਪੱਤਰ ਵਿਚ ਭੀਮ ਇੰਦਰ ਦੁਆਰਾ ਦਰਸਾਇਆ ਗਿਆ ਹੈ ਕਿ ਅਜੋਕੇ ਸਮੇਂ ਅੰਦਰ ਵੀ ਮਾਰਕਸਵਾਦੀ ਸਾਹਿਤ ਚਿੰਤਨ ਮਨੁੱਖੀ ਸਮਾਜ ਦੇ ਵਰਤਾਰੇ ਨੂੰ ਜਮਾਤੀ ਦ੍ਰਿਸ਼ਟੀਕੋਣ ਤੋਂ ਵੇਖਦਾ ਹੈ। ਭੀਮ ਇੰਦਰ ਨੇ ਇਸ ਖੋਜ ਪੱਤਰ ਵਿਚ ਮਾਰਕਸਵਾਦੀ ਚਿੰਤਨ ਦੁਆਰਾ ਸਾਹਿਤਕਾਰਾਂ ਕੋਲੋਂ ਸਮਾਜਿਕ-ਇਤਿਹਾਸ ਦੀ ਵਿਗਿਆਨਕ ਸੂਝ ਦੀ ਮੰਗ ਕਰਨ ਅਤੇ ਪਾਠਕਾਂ ਨੂੰ ਵਿਚਾਰਧਾਰਕ ਭੁਲੇਖਿਆਂ ਤੋਂ ਦੂਰ ਕਰਕੇ ਉਹਨਾਂ ਅੰਦਰ ਨਵੀਂ ਚੇਤਨਾ ਪੈਦਾ ਕਰਨ ਦੀ ਗੱਲ ਵੀ ਕੀਤੀ ਹੈ। ਭੀਮ ਇੰਦਰ ਦੁਆਰਾ ਖੋਜ ਪੱਤਰ ਵਿਚ ਵਰਤਮਾਨ ਸਮੇਂ ਅੰਦਰ ਵੀ ਮਾਰਕਸਵਾਦੀ ਚਿੰਤਨ ਦੀਆਂ ਪਹਿਲੀਆਂ ਸਰਗਰਮੀਆਂ ਦੀ ਜ਼ਰੂਰਤ ਵੱਲ ਸੰਕੇਤ ਕੀਤਾ ਗਿਆ, ਜਿਸ ਨਾਲ ਇਨਕਲਾਬੀ, ਸੱਭਿਆਚਾਰਕ ਤੇ ਸਾਮਜਿਕ ਤਬਦੀਲੀਆਂ ਵੱਲ ਵਧਿਆ ਜਾ ਸਕਦਾ ਹੈ। ਇਸ ਖੋਜ ਪੱਤਰ ਵਿਚ ਮਾਰਕਸਵਾਦੀ ਚਿੰਤਨ ਦੀ ਪ੍ਰਸੰਗਿਕਤਾ ਇਸ ਗੱਲ ਤੋਂ ਵੀ ਸਪੱਸ਼ਟ ਕੀਤੀ ਹੈ ਕਿ ਜਦੋਂ ਤੱਕ ਜਮਾਤੀ ਸਮਾਜ ਕਾਇਮ ਹੈ ਅਤੇ ਮਨੁੱਖ ਦੀ ਮਨੁੱਖ ਹੱਥੋਂ ਲੁੱਟ ਜਾਰੀ ਹੈ, ਤਦ ਤੱਕ ਮਾਰਕਸਵਾਦੀ ਚਿੰਤਨ ਦੀ ਪ੍ਰਸੰਗਿਕਤਾ ਬਣੀ ਰਹੇਗੀ। ਇਸ ਖੋਜ ਪੱਤਰ ਵਿਚ ਭੀਮ ਇੰਦਰ ਦੁਆਰਾ ਮਾਰਕਸਵਾਦ ਦੇ ਭਵਿੱਖ ਬਾਰੇ ਗੱਲ ਕਰਦਿਆਂ ਆਸ਼ਾਵਾਦੀ ਰਵੱਈਆ ਅਪਣਾਇਆ ਗਿਆ ਹੈ ਤੇ ਦੱਸਿਆ ਹੈ ਕਿ ਵਰਤਮਾਨ ਪਰਿਪੇਖ ਵਿਚ ਮਾਰਕਸਵਾਦੀ ਚਿੰਤਨ ਦਾ ਕਰਤੱਵ ਹੈ ਕਿ ਉਹ ਸਾਹਿਤ ਦੀ ਕਲਾਤਮਿਕ ਤੇ ਸਮਾਜਕ-ਸਿਆਸੀ ਆਧਾਰ ਤੋਂ ਪ੍ਰੇਰਣਾ ਭਾਵ ਨੂੰ ਆਪਣੇ ਵਿਚਾਰ ਅਧੀਨ ਪ੍ਰਮੁੱਖਤਾ ਦੇਵੇ ਤਾਂ ਹੀ ਮਾਰਕਸਵਾਦੀ ਸਾਹਿਤ ਚਿੰਤਨ ਨੂੰ ਵਰਤਮਾਨ ਦੇ ਹਾਣ ਦਾ ਬਣਾਇਆ ਜਾ ਸਕਦਾ ਹੈ ਤੇ ਇਸਦੇ ਭਵਿਖਮੁਖੀ ਇਰਾਦੇ ਪੂਰੇ ਕੀਤੇ ਜਾ ਸਕਦੇ ਹਨ।

ਉਪਰੋਕਤ ਚਰਚਾ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਮਾਰਕਸਵਾਦੀ ਸਾਹਿਤ ਚਿੰਤਨ ਵਿਸ਼ੇ ਉਪਰ ਜੋ ਖੋਜ ਕਾਰਜ ਹੋਇਆ ਮਿਲਦਾ ਹੈ, ਇਹਨਾ ਖੋਜ ਕਾਰਜਾਂ ਵਿਚ ਮਾਰਕਸਵਾਦੀ ਸਿਧਾਤਾਂ ਨੂੰ ਆਧਾਰ ਬਣਾਕੇ ਇਹਨਾਂ ਦਾ ਮੁਲਾਂਕਣ ਕੀਤਾ ਗਿਆ ਹੈ। ਪੰਜਾਬੀ ਮਾਰਕਸਵਾਦੀ ਸਾਹਿਤ ਚਿੰਤਨ ਦਾ ਸੰਖੇਪ ਵਰਣਨ ਕੀਤਾ ਗਿਆ ਹੈ। ਵੀਹਵੀਂ ਸਦੀ ਅੰਤਲੇ ਦੌਰ ਦੇ ਮਾਰਕਸਵਾਦੀ ਸਾਹਿਤ ਚਿੰਤਨ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਇਹ ਖੋਜ ਕਾਰਜ ਕਿਸੇ ਵਿਸ਼ੇਸ਼ ਵਿਦਵਾਨ ਨੂੰ ਕੇਂਦਰ ਵਿਚ ਰੱਖ ਕੇ ਉਸਦੇ ਮਾਰਕਸਵਾਦ ਨਾਲ ਸੰਬੰਧਿਤ ਵਿਚਾਰਾਂ ਨੂੰ ਅਧਿਐਨ ਦਾ ਕੇਂਦਰ ਨਹੀਂ ਬਣਾਉਂਦੇ। ਹਥਲੇ ਖੋਜ ਨਿਬੰਧ ਵਿਚ ਮਾਰਕਸਵਾਦੀ ਸਾਹਿਤ ਚਿੰਤਨ ਦਾ ਸਿਧਾਂਤਕ ਪਰਿਪੇਖ ਅਤੇ ਇਤਿਹਾਸਕ ਵਿਕਾਸ ਨੂੰ ਉਘਾੜਿਆ ਗਿਆ ਹੈ। ਇਸ ਖੋਜ ਨਿਬੰਧ ਵਿਚ ਸੰਤ

ਸੇਖੋਂ ਦੀ ਪੁਸਤਕ 'ਸਾਹਿਤਿਆਰਥ' ਦਾ ਵਿਚਾਰਧਾਰਕ ਅਧਿਐਨ ਕੀਤਾ ਗਿਆ ਹੈ ਅਤੇ ਸੰਤ ਸੇਖੋਂ ਦੁਆਰਾ ਇਸ ਪੁਸਤਕ ਵਿਚ ਸਾਹਿਤ/ਸਿਧਾਂਤ ਦੀ ਪਾਠ ਉਸਾਰੀ, ਕਾਵਿ ਨੂੰ ਸਿਧਾਂਤਕ ਪੱਧਰ ਉਪਰ ਪੇਸ਼ ਕਰਕੇ ਕਾਵਿ-ਸ਼ਾਸਤਰ ਸੰਬੰਧੀ ਦਿੱਤੀਆਂ ਧਾਰਨਾਵਾਂ ਦਾ ਅਧਿਐਨ ਕਰਨਾ, ਮੇਰੇ ਖੋਜ ਕਾਰਜ ਦਾ ਕੇਂਦਰੀ ਬਿੰਦੂ ਹੈ। 'ਸਾਹਿਤਿਆਰਥ' ਪੁਸਤਕ ਦਾ ਪੰਜਾਬੀ ਸਾਹਿਤ ਆਲੋਚਨਾ ਉਪਰ ਬਹੁਤ ਮਹੱਤਵਪੂਰਣ ਪ੍ਰਭਾਵ ਪਿਆ ਹੈ ਪਰ ਕਿਸੇ ਵੀ ਅਕਾਦਮਿਕ ਖੋਜ ਨਿਬੰਧ ਵਿਚ ਇਸ ਪੁਸਤਕ ਨੂੰ ਮੁਖ ਰੱਖ ਕੇ ਖੋਜ ਨਹੀਂ ਹੋਈ। ਇਹ ਮੇਰੀ ਮੌਲਿਕ ਖੋਜ ਦਾ ਯਤਨ ਹੈ। 'ਸਾਹਿਤਿਆਰਥ' ਪੁਸਤਕ ਉਪਰ ਵੱਖ-ਵੱਖ ਵਿਦਵਾਨਾਂ ਦੁਆਰਾ ਲਿਖੇ ਖੋਜ ਪੱਤਰ ਮਿਲਦੇ ਹਨ, ਜਿੰਨ੍ਹਾਂ ਤੋਂ ਅੰਤਰ ਦ੍ਰਿਸ਼ਟੀਆਂ ਲੈ ਕੇ ਇਸ ਪੁਸਤਕ ਦਾ ਅਧਿਐਨ ਕੀਤਾ ਗਿਆ ਹੈ।